ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ
SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2493 | 12 June, 2026 Friday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260


# ਖਾੜੀ ਖੇਤਰ 'ਚ ਤਣਾਅ ਕਾਰਨ ਤੇਲ ਸਪਲਾਈ ਪ੍ਰਭਾਵਿਤ ਕੌਮਾਂਤਰੀ ਬਾਜ਼ਾਰਾਂ ਅਤੇ ਸ਼ੇਅਰ ਮਾਰਕੀਟ 'ਤੇ ਵਧਿਆ ਦਬਾਅ

**ਤਹਿਰਾਨ ਸਾਂਝੀ ਸੋਚ ਬਿਊਰੋ**

ਜੇਕਰ ਅਮਰੀਕਾ ਅਤੇ ਇਰਾਨ ਦਰਮਿਆਨ ਚੱਲ ਰਹੀ ਤਲਖ਼ੀ ਹੋਰ ਵਧਦੀ ਹੈ, ਤਾਂ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ 150 ਅਮਰੀਕੀ ਡਾਲਰ ਪ੍ਰਤੀ ਬੈਰਲ ਤੱਕ ਜਾ ਸਕਦੀਆਂ ਹਨ। ਖਾੜੀ ਖੇਤਰ ਵਿਚ ਵਧਦੇ ਤਣਾਅ ਕਾਰਨ ਤੇਲ ਦੀ ਸਪਲਾਈ ਲਗਾਤਾਰ ਪ੍ਰਭਾਵਿਤ ਹੋ ਰਹੀ ਹੈ, ਜਿਸ ਦਾ ਅਸਰ ਕੀਮਤਾਂ 'ਤੇ ਦੇਖਣ ਨੂੰ ਮਿਲ ਸਕਦਾ ਹੈ।

ਓਸਲੋ (ਨਾਰਵੇ) ਦੀ ਇੱਕ ਪ੍ਰਮੁੱਖ ਊਰਜਾ ਖੋਜ ਸੰਸਥਾ ਨੇ ਚਿਤਾਵਨੀ ਦਿੱਤੀ ਹੈ ਕਿ ਤਾਜ਼ਾ ਟਕਰਾਅ ਕਾਰਨ ਅਪਰੈਲ ਮਹੀਨੇ ਵਿਚ ਹੋਈ ਜੰਗਬੰਦੀ ਹੁਣ ਬੇਹੱਦ ਨਾਜ਼ੁਕ ਦੌਰ ਵਿਚ ਪਹੁੰਚ ਗਈ ਹੈ। ਇਸ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ ਅਤੇ ਆਲਮੀ ਵਿੱਤੀ ਬਾਜ਼ਾਰਾਂ, ਖ਼ਾਸ ਕਰਕੇ ਅਮਰੀਕੀ ਸ਼ੇਅਰ ਬਾਜ਼ਾਰ 'ਤੇ ਭਾਰੀ ਦਬਾਅ ਦੇਖਿਆ ਜਾ ਰਿਹਾ ਹੈ।'ਰਿਸਟੈਡ ਐਨਰਜੀ' ਦੇ ਭੂ-ਰਾਜਨੀਤਿਕ ਵਿਸ਼ਲੇਸ਼ਣ ਵਿਭਾਗ ਦੇ ਮੁਖੀ ਅਤੇ ਸੀਨੀਅਰ ਮੀਤ ਪ੍ਰਧਾਨ ਜੋਰਜ ਲਿਓਨ ਨੇ ਕਿਹਾ, "ਇਸ ਪੜਾਅ 'ਤੇ ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਮੌਜੂਦਾ ਤਣਾਅ ਪੂਰੀ ਜੰਗ ਦਾ ਰੂਪ ਲਵੇਗਾ ਜਾਂ ਇਹ ਇੱਕ ਖ਼ਤਰਨਾਕ ਪਰ ਕਾਬੂ ਹੇਠ ਰੱਖਣ ਯੋਗ ਘਟਨਾਕ੍ਰਮ ਹੈ।" ਉਨ੍ਹਾਂ ਦੱਸਿਆ ਕਿ ਟਕਰਾਅ ਕਾਰਨ ਬਾਜ਼ਾਰ ਵਿਚ ਅਨਿਸ਼ਚਿਤਤਾ ਸਾਫ਼ ਦਿਖ ਰਹੀ ਹੈ, ਜਿਸ ਕਾਰਨ ਬ੍ਰੈਂਟ ਕਰੂਡ ਦੀ ਕੀਮਤ ਇੱਕ ਵਾਰ 94.5 ਡਾਲਰ ਪ੍ਰਤੀ ਬੈਰਲ ਤੱਕ ਪਹੁੰਚਣ ਤੋਂ ਬਾਅਦ ਮੁੜ 93 ਡਾਲਰ 'ਤੇ ਆ ਗਈ।

ਲਿਓਨ ਮੁਤਾਬਕ, ਮੌਜੂਦਾ ਸਪਲਾਈ ਸੰਕਟ ਦੇ ਤੁਰੰਤ ਪ੍ਰਭਾਵ ਨੂੰ ਘੱਟ ਕਰਨ ਲਈ ਰਣਨੀਤਕ ਪੈਟਰੋਲੀਅਮ ਭੰਡਾਰ (ਐੱਸ.ਪੀ.ਆਰ.) ਵਿਚੋਂ ਰਿਕਾਰਡ ਤੇਲ ਜਾਰੀ ਕਰਨਾ, ਚੀਨ ਵੱਲੋਂ ਘੱਟ ਕੀਤੀ ਗਈ ਦਰਾਮਦ ਅਤੇ ਸਾਊਦੀ ਅਰਬ ਦੇ ਯਾਨਬੂ ਬੰਦਰਗਾਹ ਰਾਹੀਂ 'ਸਟਰੇਟ ਆਫ ਹੋਰਮੁਜ਼' ਨੂੰ ਬਾਈਪਾਸ ਕਰਕੇ ਸਪਲਾਈ ਜਾਰੀ ਰੱਖਣਾ ਮਦਦਗਾਰ ਸਾਬਤ ਹੋ ਸਕਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਅਗਲੇ ਕੁਝ ਦਿਨ ਬੇਹੱਦ ਅਹਿਮ ਹੋਣਗੇ, ਜੋ ਇਹ ਤੈਅ ਕਰਨਗੇ ਕਿ ਕੂਟਨੀਤੀ ਰਾਹੀਂ ਮਾਮਲਾ ਸ਼ਾਂਤ ਹੁੰਦਾ ਹੈ ਜਾਂ ਇਹ ਟਕਰਾਅ ਲੰਮੇ ਸਮੇਂ ਲਈ ਖਿੱਚਿਆ ਜਾਵੇਗਾ। ਰਿਪੋਰਟ ਵਿਚ ਸੰਕੇਤ ਦਿੱਤਾ ਗਿਆ ਹੈ ਕਿ ਖਾੜੀ ਦੇ ਛੇ ਪ੍ਰਮੁੱਖ ਦੇਸ਼ਾਂ ਵਿਚ ਰੋਜ਼ਾਨਾ ਲਗਭਗ 1.18 ਕਰੋੜ ਬੈਰਲ ਤੇਲ ਦੀ ਪੈਦਾਵਾਰ ਪ੍ਰਭਾਵਿਤ ਹੋਈ ਹੈ, ਜੋ ਕਿ ਆਧੁਨਿਕ ਤੇਲ ਇਤਿਹਾਸ ਦੇ ਸਭ ਤੋਂ ਵੱਡੇ ਝਟਕਿਆਂ ਵਿਚੋਂ ਇੱਕ ਹੈ। ਪਿਛਲੇ ਤਿੰਨ ਮਹੀਨਿਆਂ ਵਿਚ ਕੌਮਾਂਤਰੀ ਬਾਜ਼ਾਰ ਵਿਚੋਂ ਲਗਭਗ ਇੱਕ ਅਰਬ ਬੈਰਲ ਤੇਲ ਦੀ ਸਪਲਾਈ ਗਾਇਬ ਹੋ ਚੁੱਕੀ ਹੈ, ਜਿਸ ਕਾਰਨ ਆਲਮੀ ਪੱਧਰ 'ਤੇ ਚਿੰਤਾਵਾਂ ਵਧ ਗਈਆਂ ਹਨ।

# ਬੀ1-ਬੀ2 ਵੀਜ਼ਾ ਇੰਟਰਵਿਊ 10 ਦਿਨਾਂ ਵਿੱਚ ਲੈਣ ਲਈ ਦੇਣੀ ਪਵੇਗੀ $750 ਵਾਧੂ ਫੀਸ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕਾ ਜਾਣ ਦੇ ਇੱਛੁਕ ਲੱਖਾਂ ਸੈਲਾਨੀਆਂ ਅਤੇ ਕਾਰੋਬਾਰੀ ਯਾਤਰੀਆਂ ਲਈ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਬੀ1-ਬੀ2 ਵਿਜ਼ਟਰ ਵੀਜ਼ਾ ਲਈ ਇੱਕ ਨਵਾਂ "ਪ੍ਰੀਮੀਅਮ ਐਕਸਪੀਡਾਈਟਡ ਇੰਟਰਵਿਊ ਪ੍ਰੋਗਰਾਮ" ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਜਿਸ ਤਹਿਤ ਅਰਜ਼ੀਕਾਰ ਵਾਧੂ $750 ਫੀਸ ਦੇ ਕੇ ਆਪਣਾ ਵੀਜ਼ਾ ਇੰਟਰਵਿਊ 10 ਕਾਰੋਬਾਰੀ ਦਿਨਾਂ ਦੇ ਅੰਦਰ ਪ੍ਰਾਪਤ ਕਰ ਸਕਣਗੇ। ਇਹ ਨਵਾਂ ਪਾਇਲਟ ਪ੍ਰੋਗਰਾਮ 1 ਜੁਲਾਈ 2026 ਤੋਂ ਲਾਗੂ ਹੋਵੇਗਾ ਅਤੇ 31 ਦਸੰਬਰ 2026 ਤੱਕ ਚੱਲੇਗਾ। ਮੌਜੂਦਾ ਸਮੇਂ ਵਿੱਚ ਕਈ ਦੇਸ਼ਾਂ ਵਿੱਚ ਬੀ1-ਬੀ2 ਵੀਜ਼ਾ ਇੰਟਰਵਿਊ ਲਈ ਮਹੀਨਿਆਂ ਦੀ ਉਡੀਕ ਕਰਨੀ ਪੈਂਦੀ ਹੈ। ਇਸ ਸਮੱਸਿਆ ਨੂੰ ਧਿਆਨ ਵਿੱਚ ਰੱਖਦਿਆਂ ਅਮਰੀਕੀ ਸਰਕਾਰ ਨੇ ਇਹ ਨਵੀਂ ਸੇਵਾ ਸ਼ੁਰੂ ਕੀਤੀ ਹੈ ਤਾਂ ਜੋ ਉਹ ਲੋਕ, ਜਿਨ੍ਹਾਂ ਨੂੰ ਤੁਰੰਤ ਕਾਰੋਬਾਰੀ ਜਾਂ ਪਰਿਵਾਰਕ ਕਾਰਨਾਂ ਕਰਕੇ ਅਮਰੀਕਾ ਜਾਣ ਦੀ ਲੋੜ ਹੈ, ਵਾਧੂ ਫੀਸ ਦੇ ਕੇ ਜਲਦੀ ਇੰਟਰਵਿਊ ਲੈ ਸਕਣ। ਇਸ ਯੋਜਨਾ ਅਧੀਨ ਅਰਜ਼ੀਕਾਰ ਨੂੰ ਆਮ ਬੀ1-ਬੀ2 ਵੀਜ਼ਾ ਫੀਸ $185 ਦੇ ਨਾਲ ਵਾਧੂ $750 ਦੇਣੇ ਪੈਣਗੇ। ਇਸ ਤਰ੍ਹਾਂ ਕੁੱਲ ਫੀਸ $935 ਬਣੇਗੀ।

ਹਾਲਾਂਕਿ, ਇਹ ਫੀਸ ਸਿਰਫ਼ ਇੰਟਰਵਿਊ ਦੀ ਮਿਤੀ ਜਲਦੀ ਲੈਣ ਲਈ ਹੈ। ਇਸ ਨਾਲ ਵੀਜ਼ਾ ਮਨਜ਼ੂਰ ਹੋਣ ਦੀ ਕੋਈ ਗਾਰੰਟੀ ਨਹੀਂ ਮਿਲੇਗੀ। ਵੀਜ਼ਾ ਅਫਸਰ ਵੱਲੋਂ ਅਰਜ਼ੀ ਦੀ ਜਾਂਚ ਅਤੇ ਇੰਟਰਵਿਊ ਦੇ ਆਧਾਰ 'ਤੇ ਹੀ ਅੰਤਿਮ ਫੈਸਲਾ ਕੀਤਾ ਜਾਵੇਗਾ। ਅਮਰੀਕੀ ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਹ ਸਹੂਲਤ ਹਰ ਅਮਰੀਕੀ ਦੂਤਾਵਾਸ ਜਾਂ ਕੌਂਸੂਲੇਟ ਵਿੱਚ ਉਪਲਬਧ ਨਹੀਂ ਹੋਵੇਗੀ। ਸ਼ੁਰੂਆਤੀ ਪੜਾਅ ਵਿੱਚ ਸਿਰਫ਼ ਚੁਣੇ ਹੋਏ ਦੂਤਾਵਾਸਾਂ ਅਤੇ ਕੌਂਸੂਲੇਟਾਂ ਵਿੱਚ ਹੀ ਇਹ ਸੇਵਾ ਦਿੱਤੀ ਜਾਵੇਗੀ ਅਤੇ ਸੀਮਤ ਗਿਣਤੀ ਵਿੱਚ ਹੀ ਐਪਾਇੰਟਮੈਂਟਾਂ ਉਪਲਬਧ ਹੋਣਗੀਆਂ। ਕਿਹੜੇ-ਕਿਹੜੇ ਦੇਸ਼ਾਂ ਅਤੇ ਸ਼ਹਿਰਾਂ ਵਿੱਚ ਇਹ ਸੇਵਾ ਮਿਲੇਗੀ, ਇਸ ਦੀ ਸੂਚੀ ਜਲਦ ਜਾਰੀ ਕੀਤੀ ਜਾਵੇਗੀ। ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਵੇਂ ਕਦਮ ਨਾਲ ਉਹ ਯਾਤਰੀ ਲਾਭ ਪ੍ਰਾਪਤ ਕਰਨਗੇ ਜਿਨ੍ਹਾਂ ਨੂੰ ਤੁਰੰਤ ਕਾਰੋਬਾਰੀ ਮੀਟਿੰਗਾਂ, ਪਰਿਵਾਰਕ ਸਮਾਗਮਾਂ ਜਾਂ ਹੋਰ ਜ਼ਰੂਰੀ ਕਾਰਨਾਂ ਕਰਕੇ ਅਮਰੀਕਾ ਜਾਣਾ ਪੈਂਦਾ ਹੈ। ਦੂਜੇ ਪਾਸੇ ਕੁਝ ਲੋਕਾਂ ਨੇ ਇਸ ਯੋਜਨਾ ਦੀ ਆਲੋਚਨਾ ਵੀ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਨਾਲ ਅਮੀਰ ਅਤੇ ਆਮ ਅਰਜ਼ੀਕਾਰਾਂ ਵਿਚਕਾਰ ਇੱਕ ਨਵਾਂ ਫਰਕ ਪੈਦਾ ਹੋ ਸਕਦਾ ਹੈ। ਭਾਰਤ ਸਮੇਤ ਦੁਨੀਆ ਭਰ ਦੇ ਉਹ ਲੋਕ ਜੋ ਬੀ1-ਬੀ2 ਵੀਜ਼ਾ ਲਈ ਲੰਬੇ ਸਮੇਂ ਤੋਂ ਇੰਟਰਵਿਊ ਦੀ ਉਡੀਕ ਕਰ ਰਹੇ ਹਨ, ਹੁਣ ਇਹ ਦੇਖਣ ਲਈ ਉਤਸੁਕ ਹਨ ਕਿ ਕੀ ਉਨ੍ਹਾਂ ਦੇ ਨਜ਼ਦੀਕੀ ਅਮਰੀਕੀ ਕੌਂਸੂਲੇਟ ਨੂੰ ਵੀ ਇਸ ਪ੍ਰੀਮੀਅਮ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਜਾਂ ਨਹੀਂ। ਜੇ ਇਹ ਸੇਵਾ ਭਾਰਤ ਦੇ ਮੁੱਖ ਕੌਂਸੂਲੇਟਾਂ ਵਿੱਚ ਸ਼ੁਰੂ ਹੁੰਦੀ ਹੈ ਤਾਂ ਹਜ਼ਾਰਾਂ ਅਰਜ਼ੀਕਾਰਾਂ ਨੂੰ ਵੱਡੀ ਰਾਹਤ ਮਿਲ ਸਕਦੀ ਹੈ।


Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont: 44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno: 4491 W, Shaw Ave. Suit No. 3008 (Near Costco), Fresno, CA 93722
Phone: 599-271-5511



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact # +1 (209) 303-1260

Law Offices of Ashwani K.Bhakhri
1299 Bayshore Hwy Suite 208 Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334 (916) 379-9700 (209) 666-4220
Ashwani Kumar Bhakhri, Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact # +1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh, Realtor, The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


OPEN
OPEN
NOW HIRING
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER
ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਬਰਦਾਸ਼ਤ ਅਤੇ ਬਲੀਦਾਨ ਦੀ ਮੂਰਤ- ਗੁਰੂ ਅਰਜਨ ਦੇਵ ਜੀ

ਸਾਂਝੀ ਸੋਚ
Surjit Singh Flora
6 Havelock Drive
Brampton, Canada
647-829-9397



ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਾਕਾ ਪੰਜਾਬੀ ਇਤਿਹਾਸ ਵਿਚ ਇਕ ਮਹਾਨ ਅਤੇ ਲਾਸਾਨੀ ਘਟਨਾ ਵਜੋਂ ਯਾਦ ਕੀਤਾ ਜਾਂਦਾ ਹੈ, ਕਿਉਂਕਿ ਇਸ ਨੇ ਹੱਕ, ਸੱਚ ਅਤੇ ਮਨੁੱਖੀ ਇਜ਼ਤ ਲਈ ਖੜ੍ਹੇ ਹੋਣ ਦੀ ਸਭ ਤੋਂ ਸਖ਼ਤ ਕੀਮਤ ਸਾਹਮਣੇ ਰੱਖੀ। ਗੁਰੂ ਸਾਹਿਬ ਨੇ ਜ਼ੁਲਮ, ਜਬਰ, ਅਨਿਆਂ ਅਤੇ ਬੇਇਨਸਾਫ਼ੀ ਦੇ ਵਿਰੁੱਧ ਡਟ ਕੇ ਆਵਾਜ਼ ਚੁੱਕੀ, ਅਤੇ ਇਸੇ ਕਾਰਨ ਉਨ੍ਹਾਂ ਨੂੰ ਤੱਤੀ ਤਵੀ, ਸੀਸ ਵਿੱਚ ਸੜਦੀ ਰੇਤ ਅਤੇ ਉਬਲਦੇ ਪਾਣੀ ਦੀ ਦੇਗ ਵਰਗੇ ਭਿਆਨਕ ਤਸੀਹਿਆਂ ਦਾ ਸਾਹਮਣਾ ਕਰਨਾ ਪਿਆ। ਫਿਰ ਵੀ, ਉਨ੍ਹਾਂ ਨੇ ਮਨੁੱਖੀ ਹੱਕਾਂ ਦਾ ਝੰਡਾ ਥੱਲੇ ਨਹੀਂ ਆਉਣ ਦਿੱਤਾ, ਅਤੇ ਸਬਰ, ਸਿਦਕ ਤੇ ਅਡਿੱਗ ਵਿਸ਼ਵਾਸ ਨਾਲ ਜਬਰ ਦਾ ਮੁਕਾਬਲਾ ਕੀਤਾ।

ਗੁਰਮਤਿ ਦੀ ਬਰਾਬਰੀ ਵਾਲੀ ਸੋਚ, ਜੋ ਜ਼ਾਤ-ਪਾਤ, ਛੂਆ-ਛਾਤ ਅਤੇ ਵਰਣ ਵੰਡ ਨੂੰ ਮੂਲੋਂ ਰੱਦ ਕਰਦੀ ਹੈ, ਮੰਨੂਵਾਦੀ ਸੋਚ ਨਾਲ ਜੁੜੀਆਂ ਧਿਰਾਂ ਨੂੰ ਸਹਿਮਤ ਨਹੀਂ ਹੋਈ, ਇਸ ਲਈ ਗੁਰੂ ਘਰ ਦੇ ਵਿਰੁੱਧ ਸਰਕਾਰੀ ਦਰਬਾਰਾਂ ਤੱਕ ਸ਼ਿਕਾਇਤਾਂ ਪਹੁੰਚਾਈਆਂ ਗਈਆਂ। ਇਨ੍ਹਾਂ ਵਿਰੋਧੀ ਕੋਸ਼ਿਸ਼ਾਂ ਨੇ ਗੁਰੂ ਸਾਹਿਬ ਦੇ ਅਸੂਲਾਂ ਨੂੰ ਰੋਕਣ ਦੀ ਹਰ ਕੋਸ਼ਿਸ਼ ਕੀਤੀ, ਪਰ ਉਹ ਸਿਦਕ ਦਾ ਰੂਪ ਬਣ ਕੇ ਹੋਰ ਵੱਧ ਚਮਕੇ, ਕਿਉਂਕਿ ਦਬਾਅ ਨੇ ਉਨ੍ਹਾਂ ਦੀ ਸੱਚਾਈ ਨੂੰ ਢਾਹਿਆ ਨਹੀਂ, ਸਗੋਂ ਸਾਫ਼ ਕੀਤਾ। 30 ਮਈ 1606 ਦੀ ਸ਼ਹਾਦਤ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਮਨੁੱਖੀ ਹੱਕਾਂ ਲਈ ਦਿੱਤੀ ਕੁਰਬਾਨੀ ਸਿਰਫ਼ ਇਕ ਵਿਅਕਤੀ ਦੀ ਮੌਤ ਨਹੀਂ ਹੁੰਦੀ, ਉਹ ਇਕ ਐਸੀ ਨੈਤਿਕ ਮਿਸਾਲ ਬਣ ਜਾਂਦੀ ਹੈ ਜੋ ਅਗਲੀਆਂ ਪੀੜ੍ਹੀਆਂ ਨੂੰ ਇਨਸਾਫ਼ ਦੇ ਪੱਖ ਵਿਚ ਖੜ੍ਹੇ ਰਹਿਣ ਦੀ ਸੀਖ਼ ਦਿੰਦੀ ਹੈ।

ਗੁਰੂ ਸਾਹਿਬਾਨ ਦੀ ਧਰਮ-ਚੇਤਨਾ ਨੇ ਮਨੁੱਖੀ ਭਲਾਈ ਨੂੰ ਸਭ ਤੋਂ ਉੱਪਰ ਰੱਖਿਆ, ਇਸ ਲਈ ਉੱਥੇ ਜਾਤ, ਜਨਮ, ਰਸਮਾਂ, ਜਾਂ ਠੇਠ ਧਾਰਮਿਕ ਪਾਬੰਦੀਆਂ ਲਈ ਕੋਈ ਥਾਂ ਨਹੀਂ ਸੀ। ਗੁਰਮਤਿ ਦਾ ਕੇਂਦਰ ਮਨੁੱਖ ਸੀ, ਅਤੇ ਉਸ ਮਨੁੱਖ ਦੀ ਇਜ਼ਤ, ਭੁੱਖ, ਦੁੱਖ, ਸੱਚ, ਤੇ ਸਾਂਝ ਉਸ ਦੇ ਅਸਲੀ ਮਾਪਦੰਡ ਸਨ। ਇਸ ਕਾਰਨ ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਦੇਵ ਜੀ ਤੱਕ ਬਾਣੀ ਨੂੰ ਇਕੱਠਾ ਕਰਨ, ਸੰਭਾਲਣ, ਤੇ ਇੱਕ ਥਾਂ ਰੱਖਣ ਦਾ ਕੰਮ ਸਿਰਫ਼ ਧਾਰਮਿਕ ਨਹੀਂ, ਬਲਕਿ ਸਮਾਜਕ ਪੱਧਰ ਤੇ ਵੀ ਬਹੁਤ ਵੱਡਾ ਕਦਮ ਸੀ। ਗੁਰੂ ਅਰਜਨ ਦੇਵ ਜੀ ਵੱਲੋਂ ਆਦਿ ਗ੍ਰੰਥ ਦੀ ਸੰਪਾਦਨਾ ਨੇ ਉਸ ਵਿਚਾਰ ਨੂੰ ਪੱਕੀ ਸ਼ਕਲ ਦਿੱਤੀ ਜੋ ਲੋਕਾਂ ਨੂੰ ਫੋਕਟ ਕਰਮਕਾਂਡਾਂ ਤੋਂ ਹਟਾ ਕੇ ਸਿੱਧੀ ਸੱਚਾਈ ਵੱਲ ਲੈ ਜਾਂਦੀ ਸੀ। ਅਜਿਹੀ ਸਾਫ਼ ਅਤੇ ਲੋਕ-ਹਿਤੀ ਸੋਚ ਕੱਟੜ ਜਮਾਤਾਂ ਨੂੰ ਕਦੇ ਨਹੀਂ ਭਾਈ, ਕਿਉਂਕਿ ਇਸ ਨੇ ਉਨ੍ਹਾਂ ਦੇ ਬਣਾਏ ਹੋਏ ਭੇਦਾਂ ਨੂੰ ਸਵਾਲਾਂ ਦੇ ਘੇਰੇ ਵਿਚ ਲਿਆ ਦਿੱਤਾ।

ਆਮ ਲੋਕਾਂ ਲਈ ਗੁਰਬਾਣੀ ਦਾ ਸੁਨੇਹਾ ਸੌਖਾ ਸੀ, ਉਹਨਾਂ ਨੂੰ ਆਪਣੀ ਮਿਹਨਤ, ਆਪਣੀ ਇਨਸਾਫ਼ੀ ਜ਼ਿੰਦਗੀ, ਤੇ ਆਪਣੀ ਅੰਦਰਲੀ ਸਚਾਈ ਨਾਲ ਜੋੜਦਾ ਸੀ। ਦੂਜੇ ਪਾਸੇ, ਜਿਨ੍ਹਾਂ ਦੀ ਤਾਕਤ ਰੀਤਾਂ, ਡਰ, ਤੇ ਵੰਡਾਂ ਉੱਤੇ ਟਿਕੀ ਹੋਈ ਸੀ, ਉਹਨਾਂ ਲਈ ਇਹ ਵਿਚਾਰਧਾਰਾ ਸਿੱਧੀ ਚੁਣੌਤੀ ਬਣ ਗਈ। ਇਸੇ ਲਈ ਗੁਰੂ-ਬਾਣੀ ਵਿਰੁੱਧ ਸ਼ਿਕਾਇਤਾਂ, ਵਿਰੋਧ, ਤੇ ਦਬਾਅ ਦੇ ਰੂਪ ਵੱਖ-ਵੱਖ ਸਮਿਆਂ ਵਿਚ ਸਾਹਮਣੇ ਆਏ, ਜਿਵੇਂ ਗੁਰੂ ਅਮਰਦਾਸ ਜੀ ਦੇ ਦੌਰ ਵਿਚ ਅਕਬਰ ਕੋਲ ਕੀਤੀਆਂ ਸ਼ਿਕਾਇਤਾਂ। ਸਿਧਾਂਤਕ ਤੌਰ ਤੇ ਇਹ ਵਿਰੋਧੀ ਧਿਰਾਂ ਇੱਕ ਦੂਜੇ ਨਾਲ ਨਹੀਂ ਮਿਲਦੀਆਂ ਸਨ, ਪਰ ਗੁਰਮਤਿ ਨੂੰ ਰੋਕਣ ਦੇ ਮਸਲੇ ਤੇ ਉਹਨਾਂ ਦਾ ਨਿਸ਼ਾਨਾ ਇੱਕ ਹੀ ਸੀ। ਇੱਥੇ ਗੱਲ ਸਿਰਫ਼ ਧਾਰਮਿਕ ਅਸਹਿਮਤੀ ਦੀ ਨਹੀਂ ਸੀ, ਸਗੋਂ ਉਸ ਸਮਾਜਕ ਬਦਲਾਅ ਦੀ ਸੀ ਜੋ ਭੇਦ-ਭਾਵ ਦੀ ਜੜ੍ਹ ਨੂੰ ਹਿਲਾ ਰਿਹਾ ਸੀ।

ਗੁਰੂ ਅਰਜਨ ਦੇਵ ਜੀ ਦਾ ਜਨਮ ਗੁਰੂ ਰਾਮ ਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਘਰ ਹੋਇਆ। ਉਨ੍ਹਾਂ ਦੀ ਪਰਵਰਿਸ਼ ਗੋਇੰਦਵਾਲ ਸਾਹਿਬ ਦੇ ਰੂਹਾਨੀ ਮਾਹੌਲ ਵਿੱਚ ਹੋਈ, ਜਿੱਥੇ ਸੇਵਾ, ਨਿਮਰਤਾ ਅਤੇ ਬਾਣੀ ਦੀ ਕਦਰ ਘਰ ਦੀ ਹਵਾ ਵਾਂਗ ਸੀ। 1581 ਵਿੱਚ ਗੁਰਗੱਦੀ ਸੰਭਾਲ ਕੇ ਉਹ ਪੰਜਵੇਂ ਗੁਰੂ ਬਣੇ ਅਤੇ ਲਗਭਗ 25 ਸਾਲਾਂ ਤੱਕ ਸਿੱਖ ਪੰਥ ਦੀ ਅਗਵਾਈ ਕੀਤੀ।

ਉਨ੍ਹਾਂ ਦੇ ਜੀਵਨ ਵਿੱਚ ਸਾਦਗੀ ਅਤੇ ਪ੍ਰਬੰਧ ਦੋਵੇਂ ਸਪਸ਼ਟ ਸਨ। ਪਰੰਪਰਾਗਤ ਸਾਖੀ ਦੱਸਦੀ ਹੈ ਕਿ ਕਾਬਲ ਤੋਂ ਆ ਰਹੀ ਸੰਗਤ ਨੂੰ ਰਾਹ ਵਿੱਚ ਇੱਕ ਨੌਜਵਾਨ ਜੋੜੇ ਨੇ ਸੇਵਾ ਦਿੱਤੀ, ਚਰਨ ਦਬਾਏ, ਪਾਣੀ ਪਿਲਾਇਆ ਅਤੇ ਭੋਜਨ ਕਰਵਾਇਆ। ਅੰਮ੍ਰਿਤਸਰ ਪਹੁੰਚ ਕੇ ਜਦੋਂ ਪਤਾ ਲੱਗਾ ਕਿ ਉਹ ਗੁਰੂ ਅਰਜਨ ਦੇਵ ਜੀ ਅਤੇ ਬੀਬੀ ਗੰਗਾ ਜੀ ਸਨ, ਤਾਂ ਸੰਗਤ ਹੈਰਾਨ ਰਹਿ ਗਈ। ਇਸ ਸਾਖੀ ਵਿੱਚ ਗੁਰੂ ਸਾਹਿਬ ਦੀ ਨਿਮਰਤਾ ਸਾਫ਼ ਦਿਸਦੀ ਹੈ।

## ਆਦੀ ਗ੍ਰੰਥ ਦੀ ਸੰਪਾਦਨਾ ਅਤੇ ਸਿੱਖ ਪਾਠ ਪਰੰਪਰਾ ਦੀ ਮਜ਼ਬੂਤੀ

ਗੁਰੂ ਅਰਜਨ ਦੇਵ ਜੀ ਦੇ ਸਮੇਂ ਮੁਸਲਮਾਨ ਅਤੇ ਹਿੰਦੂ, ਗੁਰੂ ਜੀ ਦੇ ਸਿੱਖਾਂ ਨੂੰ ਤਾਨਾ ਮਾਰ ਕੇ ਕਹਿੰਦੇ ਸਨ ਕਿ ਤੁਹਾਡੇ ਕੋਲ ਨਾ ਕੋਈ ਤੀਰਥ-ਅਸਥਾਨ ਹੈ ਅਤੇ ਨਾ ਹੀ ਕੋਈ ਧਾਰਮਿਕ ਗ੍ਰੰਥ, "ਸ਼ੁਮਾ ਨਾ ਅਹਲ ਕਿਤਾਬ ਅਸਤ ਨਾ ਅਹਲਿ ਮਕਾਮ"। ਪਰ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਇਕ ਅਨੋਖਾ ਤੀਰਥ-ਅਸਥਾਨ, ਹਰਿਮੰਦਰ ਸਾਹਿਬ, ਦਿੱਤਾ, ਜਿਸ ਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਸਾਨੂੰ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਅਨਮੋਲ ਬਖ਼ਸ਼ਿਸ਼ ਵੀ ਕੀਤੀ, ਜਿਸ ਵਰਗਾ ਧਾਰਮਿਕ ਗ੍ਰੰਥ ਸਾਰੇ ਸੰਸਾਰ ਵਿਚ ਹੋਰ ਕੋਈ ਨਹੀਂ।

ਇਸ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹਿੰਦੂ, ਮੁਸਲਮਾਨ ਅਤੇ ਸ਼ੂਦਰ ਮਹਾਂਪੁਰਸ਼ਾਂ ਦੀ ਬਾਣੀ ਵੀ ਦਰਜ ਹੈ। ਇਸ ਦੀ ਸਿੱਖਿਆ ਸਾਰੇ ਮਨੁੱਖਾਂ ਲਈ ਸਾਂਝੀ ਹੈ: ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ (ਅੰਗ: ੭੪੭)

ਗੁਰੂ ਅਰਜਨ ਦੇਵ ਜੀ ਨੇ ਆਦੀ ਗ੍ਰੰਥ ਦੀ ਸੰਪਾਦਨਾ ਕਰਕੇ ਸਿੱਖਾਂ ਨੂੰ ਧੁਰ ਕੀ ਬਾਣੀ ਨਾਲ ਜੋੜਿਆਂ ਅਤੇ ਪਰੰਪਰਾ ਨੂੰ ਮਜ਼ਬੂਤ ਕੀਤਾ। ਉਨ੍ਹਾਂ ਨੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਰਚਨਾ ਨੂੰ ਇਕੱਠਾ ਕੀਤਾ। ਇਸ ਨੇ ਸਿੱਖੀ ਨੂੰ ਇੱਕ ਐਸੀ ਲਿਖਤੀ ਨੀਂਹ ਦਿੱਤੀ, ਜਿਸ ਉੱਤੇ ਅੱਗੇ ਦੀ ਰੂਹਾਨੀ ਪਰੰਪਰਾ ਖੜ੍ਹੀ ਹੋਈ।

ਬਾਣੀ ਸਿੱਖੀ ਵਿੱਚ ਸਿਰਫ਼ ਪਾਠ ਨਹੀਂ, ਜੀਵਨ ਦੀ ਰਾਹਦਾਰੀ ਹੈ। ਗੁਰੂ ਸਾਹਿਬ ਨੇ ਇਹ ਗੱਲ ਕਾਗਜ਼ ਤੇ ਨਹੀਂ, ਸੰਗਤ ਦੇ ਅਭਿਆਸ ਵਿੱਚ ਉਤਾਰੀ।

## ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਦੀ ਰੂਹਾਨੀ ਤਾਮੀਰ

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੀ ਤਰੱਕੀ ਨੂੰ ਨਵਾਂ ਰੂਪ ਦਿੱਤਾ। ਹਰਿਮੰਦਰ ਸਾਹਿਬ ਦੇ ਨਿਰਮਾਣ ਨਾਲ ਸ਼ਹਿਰ ਸਿਰਫ਼ ਕੇਂਦਰ ਨਹੀਂ ਰਿਹਾ, ਉਹ ਸੰਗਤ ਦੀ ਧੜਕਣ ਬਣ ਗਿਆ। ਚਾਰ ਦਰਵਾਜ਼ੇ ਖੁਲ੍ਹੇਪਣ ਦਾ ਸੰਦੇਸ਼ ਦਿੰਦੇ ਹਨ। ਇਹ ਥਾਂ ਹਰ ਵਰਗ, ਹਰ ਦਿਸ਼ਾ ਅਤੇ ਹਰ ਮਨੁੱਖ ਲਈ ਖੁੱਲ੍ਹੀ ਹੈ।

ਇਥੇ ਪਵਿੱਤਰਤਾ ਦਾ ਅਰਥ ਬੰਦ ਕਿਲ੍ਹਾ ਨਹੀਂ, ਸਾਂਝੀ ਹਾਜ਼ਰੀ ਹੈ। ਇਹੀ ਕਾਰਨ ਹੈ ਕਿ ਹਰਿਮੰਦਰ ਸਾਹਿਬ ਸਿੱਖੀ ਵਿੱਚ ਬਰਾਬਰੀ ਦਾ ਸਭ ਤੋਂ ਸਪਸ਼ਟ ਚਿੰਨ੍ਹ ਮੰਨਿਆ ਜਾਂਦਾ ਹੈ।ਪਰ ਸਮੇਂ ਦੇ ਨਾਲ ਜਹਾਂਗੀਰ ਦੇ ਰਾਜ ਨਾਲ ਮਾਹੌਲ ਬਦਲਿਆ। ਗੁਰੂ ਅਰਜਨ ਦੇਵ ਜੀ ਦੀ ਵਧਦੀ ਸਾਖ, ਪੰਥ ਦੀ ਮਜ਼ਬੂਤੀ ਅਤੇ ਕੁਝ ਰਾਜਨੀਤਿਕ ਸ਼ੱਕਾਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ। ਲਾਹੌਰ ਵਿੱਚ ਗ੍ਰਿਫ਼ਤਾਰੀ ਹੋਈ, ਧਰਮ ਬਦਲਣ ਦੀ ਮੰਗ ਰੱਖੀ ਗਈ ਅਤੇ ਤਸ਼ੱਦਦ ਨਾਲ ਉਨ੍ਹਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਪਰ 1606 ਵਿੱਚ ਉਹ ਅਡੋਲ ਰਹੇ।ਇਹ ਸ਼ਹੀਦੀ ਸਿਰਫ਼ ਇੱਕ ਮਨੁੱਖ ਦੀ ਮੌਤ ਨਹੀਂ ਸੀ। ਇਸ ਨੇ ਪੰਥ ਨੂੰ ਇਹ ਸੀਖ ਦਿੱਤੀ ਕਿ ਸੱਚ ਦੀ ਕੀਮਤ ਹੁੰਦੀ ਹੈ, ਅਤੇ ਅਨਿਆਂ ਦੇ ਸਾਹਮਣੇ ਚੁੱਪ ਰਹਿਣਾ ਧਰਮ ਨਹੀਂ।

## "ਤੇਰਾ ਕੀਆ ਮੀਠਾ ਲਾਗੈ" ਦਾ ਆਤਮਿਕ ਅਰਥ

ਇਹ ਸਿਰਫ਼ ਇੱਕ ਸ਼ਬਦ ਨਹੀਂ, ਇੱਕ ਮਨ ਦੀ ਅਵਸਥਾ ਹੈ। ਇਸ ਵਿੱਚ ਦੁੱਖ ਨੂੰ ਵੀ ਇਬਾਦਤ ਵਾਂਗ ਸਵੀਕਾਰ ਕਰਨ ਦੀ ਤਾਕਤ ਹੈ। ਗੁਰੂ ਜੀ ਦਾ ਮਨ ਤਕਲੀਫ਼ ਵਿੱਚ ਵੀ ਸ਼ਿਕਾਇਤ ਨਹੀਂ ਕਰਦਾ, ਉਹ ਅਰਦਾਸ ਵਿੱਚ ਰਹਿੰਦਾ ਹੈ।

ਇਸ ਵਾਕ ਵਿੱਚ ਸਹਿਣਸ਼ੀਲਤਾ, ਭਰੋਸਾ ਅਤੇ ਭਗਤੀ ਇਕੱਠੇ ਚਲਦੇ ਹਨ। ਜਿੱਥੇ ਸਰੀਰ ਨੂੰ ਪੀੜ੍ਹਾ ਮਿਲਦੀਆਂ ਹਨ, ਉੱਥੇ ਵੀ ਆਤਮਾ ਦੀ ਨਰਮੀ ਟੁੱਟਦੀ ਨਹੀਂ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ ਪਛਾਣ ਨੂੰ ਹੋਰ ਸਪਸ਼ਟ ਕੀਤਾ। ਪੰਥ ਨੇ ਸਮਝਿਆ ਕਿ ਰੂਹਾਨੀ ਜੀਵਨ ਅਤੇ ਨਿਆਂ ਦੀ ਰੱਖਿਆ ਇੱਕ ਦੂਜੇ ਤੋਂ ਵੱਖ ਨਹੀਂ। ਇਸ ਘਟਨਾ ਤੋਂ ਬਾਅਦ ਸਿੱਖ ਚੇਤਨਾ ਵਿੱਚ ਅਤਿਆਚਾਰ ਦੇ ਖ਼ਿਲਾਫ਼ ਖੜ੍ਹੇ ਹੋਣ ਦੀ ਸੋਚ ਹੋਰ ਮਜ਼ਬੂਤ ਹੋਈ।ਲਾਹੌਰ ਦਾ ਗੁਰਦੁਆਰਾ ਡੇਰਾ ਸਾਹਿਬ ਉਹ ਥਾਂ ਹੈ ਜਿੱਥੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਯਾਦ ਕੀਤੀ ਜਾਂਦੀ ਹੈ। ਇੱਥੇ ਪਹੁੰਚਣ ਵਾਲੀ ਸੰਗਤ ਲਈ ਇਹ ਸਿਰਫ਼ ਇੱਕ ਇਮਾਰਤ ਨਹੀਂ, ਸਾਂਝੀ ਵਿਰਾਸਤ ਦਾ ਕੇਂਦਰ ਹੈ। ਸਰਹੱਦ ਪਾਰ ਯਾਤਰਾ ਹੋਵੇ ਜਾਂ ਅੰਤਰਰਾਸ਼ਟਰੀ ਅਰਦਾਸ, ਹਰ ਹਾਜ਼ਰੀ ਇਸ ਯਾਦ ਨੂੰ ਹੋਰ ਵੱਡਾ ਕਰ ਦਿੰਦੀ ਹੈ।ਇਹ ਥਾਂ ਦੱਸਦੀ ਹੈ ਕਿ ਇਤਿਹਾਸ ਸਰਹੱਦਾਂ ਤੋਂ ਛੋਟਾ ਨਹੀਂ ਹੁੰਦਾ। ਸੰਗਤ ਲਈ ਇਹ ਅਰਦਾਸ ਦਾ ਉਹ ਬਿੰਦੂ ਹੈ ਜਿੱਥੇ ਦਰਦ ਅਤੇ ਸ਼ਾਂਤੀ ਇਕੱਠੇ ਖੜ੍ਹੇ ਰਹਿੰਦੇ ਹਨ।ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਕ ਇਤਿਹਾਸਕ ਘਟਨਾ ਤੋਂ ਕਿਤੇ ਵੱਧ ਹੈ। ਇਹ ਸੱਚ, ਸਹਿਣਸ਼ੀਲਤਾ ਅਤੇ ਨਿਸ਼ਕਾਮ ਸੇਵਾ ਦੀ ਜੀਉਂਦੀ ਯਾਦ ਹੈ।ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਅਰਜਨ ਦੇਵ ਜੀ ਨੇ ਤਾਨਾਸ਼ਾਹ ਮੁਗਲ ਬਾਦਸ਼ਾਹ ਦੀ ਤਾਕਤ ਦਾ ਡਟ ਕੇ ਸਾਹਮਣਾ ਕੀਤਾ ਅਤੇ ਬਹਾਦਰੀ, ਹੌਸਲੇ ਦੀ ਇਕ ਉੱਚੀ ਮਿਸਾਲ ਪੇਸ਼ ਕੀਤੀ। ਇਸ ਨਾਲ ਉਨ੍ਹਾਂ ਨੇ ਉਹ ਬੀਜ ਬੀਜਿਆ, ਜਿਸ ਨੇ ਸਿੱਖ ਇਤਿਹਾਸ ਨੂੰ ਇਕ ਨਵਾ ਮੋੜ ਦਿੱਤਾ।

ਉਨ੍ਹਾਂ ਦੀ ਅਦੁੱਤੀ ਕੁਰਬਾਨੀ ਸੰਸਾਰ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖੀ ਗਈ, ਜੋ ਅੱਜ ਤੱਕ ਸਿੱਖ ਜਗਤ ਵਿਚ ਯਾਦ ਹੀ ਨਹੀਂ ਬੱਲਕੇ ਉਹਨਾਂ ਦੀ ਕੁਰਬਾਨੀ ਨੂੰ ਸਾਰੀ ਦੁਨੀਆਂ ਵਿਚ ਮਨਾਇਆ ਜਾਂਦਾ ਹੈ।ਲੋੜ ਇਹ ਹੈ ਕਿ ਅਸੀਂ ਉਨ੍ਹਾਂ ਦੀ ਬਾਣੀ ਪੜ੍ਹੀਏ, ਉਸ ਬਾਰੇ ਵਿਚਾਰ ਕਰੀਏ ਅਤੇ ਆਪਣੇ ਜੀਵਨ ਵਿੱਚ ਉਸ ਅਨੁਸਾਰ ਚੱਲੀਏ। ਕਈ ਪਾਠਕ ਕਹਿ ਸਕਦੇ ਹਨ ਕਿ ਕਹਿਣਾ ਤੇ ਲਿਖਣਾ ਸੌਖਾ ਹੈ, ਪਰ ਕਰਨਾ ਔਖਾ ਹੈ। ਉਨ੍ਹਾਂ ਲਈ ਬੇਨਤੀ ਹੈ ਕਿ ਇਕ ਵਾਰ ਪੂਰਾ ਯਤਨ ਕਰਨ, ਸ਼ਬਦ ਜਾਂ ਪਾਠ ਸੁਣ ਕੇ ਉਸ 'ਤੇ ਸੋਚ-ਵਿਚਾਰ ਕਰਨ।2026 ਦਾ ਸ਼ਹੀਦੀ ਦਿਹਾੜਾ ਇਤਿਹਾਸ, ਰਿਵਾਇਤ ਅਤੇ ਆਧੁਨਿਕ ਸੰਗਤ ਨੂੰ ਇਕੋ ਧਾਗੇ ਵਿੱਚ ਜੋੜਦਾ ਹੈ। 18 ਜੂਨ ਦੀ ਇਹ ਯਾਦ ਦੱਸਦੀ ਹੈ ਕਿ ਬਾਣੀ, ਬਰਦਾਸ਼ਤ ਅਤੇ ਬਲੀਦਾਨ ਸਿੱਖੀ ਵਿੱਚ ਅਜੇ ਵੀ ਇਕੱਠੇ ਸਾਹ ਲੈਂਦੇ ਹਨ।

Information in Public Interest
To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।
Contact:(408) 687-1899, (925) 587-1148





# ਗੁਰਦੁਆਰਾ ਸਾਹਿਬ ਸੈਨ ਹੋਜ਼ੇ

# ਜੂਨ 2026 ਦੇ ਵਿਸ਼ੇਸ਼ ਧਾਰਮਿਕ ਸਮਾਗਮ

**JUNE 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਕਰਵਾਇਆ ਜਾ ਰਿਹਾ ਵਿਸ਼ਾਲ ਗੁਰਮਿਤ ਸਮਾਗਮ**




ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ
1 ਜੂਨ ਤੋਂ 7 ਜੂਨ 2026 ਵਿਸ਼ੇਸ਼ ਕਥਾ ਅਤੇ ਗੁਰਬਾਣੀ ਕੀਰਤਨ ਸਮਾਗਮ




ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਜੀ
ਦਾ ਜਨਮ ਦਿਹਾੜਾ 2 ਜੂਨ 2026




4th Annual Sikh Heritage Night
18 ਜੂਨ 2026 | ਸ਼ਾਮ 6:30 ਵਜੇ




ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ
ਸ਼ਹਾਦਤ ਨੂੰ ਸਮਰਪਿਤ ਸੰਗਤ ਰੂਪੀ ਸੁਖਮਨੀ ਸਾਹਿਬ ਪਾਠ

16 ਜੂਨ ਤੋਂ 20 ਜੂਨ ਸ਼ਾਮ 7:30 ਤੋਂ 8:45 ਵਜੇ ਤੱਕ
ਸ਼ਹੀਦੀ ਕਾਨਫਰੰਸ 21 ਜੂਨ 2026 (ਐਤਵਾਰ)




28 ਜੂਨ ਨੂੰ ਭਾਈ ਸਾਹਿਬ
Dr. Alankar Singh ਜੀ ਵਲੋਂ
ਸਵੇਰੇ 11:20 ਤੋਂ ਦੁਪਹਿਰ 12:20 ਵਜੇ ਤੱਕ
ਗੁਰਬਾਣੀ ਕੀਰਤਨ ਕੀਤਾ ਜਾਵੇਗਾ |




ਲੜਕੇ ਅਤੇ ਲੜਕੀਆਂ ਲਈ
Basketball Camp 2026
27 ਮਈ ਤੋਂ 18 ਜੁਲਾਈ ਤੱਕ

**ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ**
**26 ਜੂਨ ਤੋਂ 28 ਜੂਨ 2026 ਸਾਲਾਨਾ ਜੋੜ ਮੇਲਾ**




Address : 3636 Gurdwara Ave, San Jose, CA, 95148 | www.sanjosegurdwara.com | (408) 274-9373

# ਐਡਵੋਕੇਟ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਵਫ਼ਦ ਅਮਰੀਕਾ ਪੁੱਜਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਉੱਚ ਪੱਧਰੀ ਵਫ਼ਦ ਦਾ ਅਮਰੀਕਾ ਪਹੁੰਚਣ 'ਤੇ ਸਾਨ ਫਰਾਂਸਿਸਕੋ ਦੇ ਹਵਾਈ ਅੱਡੇ 'ਤੇ ਸਥਾਨਕ ਸਿੱਖ ਆਗੂਆਂ ਤੇ ਸੰਗਤਾਂ ਵੱਲੋਂ ਜ਼ੋਰਦਾਰ ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਵਫ਼ਦ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓ.ਐੱਸ.ਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਸ਼ਾਮਲ ਸਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਵੱਲੋਂ ਦਿੱਤੇ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਵਿਦੇਸ਼ਾਂ ਅੰਦਰ ਵੱਸਦਾ ਸਿੱਖ ਭਾਈਚਾਰਾ ਪੰਥਕ ਸਰੋਕਾਰਾਂ ਪ੍ਰਤੀ ਹਮੇਸ਼ਾ ਸਮਰਪਤ ਰਿਹਾ ਹੈ।

ਸ਼੍ਰੋਮਣੀ ਕਮੇਟੀ ਪ੍ਰਵਾਸੀ ਸਿੱਖ ਭਾਈਚਾਰੇ ਦਰਮਿਆਨ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਨਿਰੰਤਰ ਕਾਰਜਸ਼ੀਲ ਹੈ ਅਤੇ ਇਸੇ ਮੰਤਵ ਲਈ ਉਹ ਵਫ਼ਦ ਸਮੇਤ ਅਮਰੀਕਾ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਇਥੋਂ ਦੇ ਸਿੱਖ ਆਗੂਆਂ ਅਤੇ ਸੰਗਤਾਂ ਨਾਲ ਵਿਚਾਰ ਕਰਕੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਭਵਿੱਖੀ ਯੋਜਨਾਵਾਂ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ ਅਤੇ ਸਿੱਖ ਮਿਸ਼ਨ ਦੀ ਸਥਾਪਨਾ ਦੇ ਕਾਰਜ ਨੂੰ ਪੂਰਾ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਥਾਨਕ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਧਰਮ ਪ੍ਰਚਾਰ ਕਾਰਜਾਂ ਸਬੰਧੀ ਯੋਜਨਾਵਾਂ ਨੂੰ ਆਪਸੀ ਸਲਾਹ-ਮਸ਼ਵਰੇ ਨਾਲ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਕਾਰਜਾਂ ਵਿਚ ਸਹਿਯੋਗੀ ਬਣਨ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਵਫ਼ਦ ਦਾ ਸਵਾਗਤ ਕਰਨ ਵਾਲਿਆਂ 'ਚ ਅਮਰੀਕਾ ਨਿਵਾਸੀ ਦੀਦਾਰ ਸਿੰਘ ਬੈਂਸ ਦੇ ਸਪੁੱਤਰ ਕਰਮਦੀਪ ਸਿੰਘ ਬੈਂਸ (ਕਾਊਂਟੀ ਸੁਪਰਵਾਈਜ਼ਰ), ਹਰਗੁਰਜੀਤ ਸਿੰਘ ਬੱਲ, ਦਲਬੀਰ ਸਿੰਘ ਗਿੱਲ, ਪਰਮਜੀਤ ਸਿੰਘ ਗਿੱਲ, ਗੁਰਮੀਤ ਸਿੰਘ ਗਿੱਲ, ਗੁਰਨਾਮ ਸਿੰਘ ਪੰਮਾ, ਕੁਲਵੰਤ ਸਿੰਘ ਖੈਹਰਾ, ਬਲਜੀਤ ਸਿੰਘ ਮਾਨ, ਜੀਵਨ ਸਿੰਘ, ਗੁਰਸੇਵਕ ਸਿੰਘ ਭੰਗੂ, ਸੁਖਵੰਤ ਸਿੰਘ ਖੈਹਰਾ, ਸੁਖਵਿੰਦਰ ਸਿੰਘ, ਨਿਰਮਲ ਸਿੰਘ ਜੰਡਾਂ, ਮੁਖਤਿਆਰ ਸਿੰਘ ਗਰੇਵਾਲ, ਗੁਰਪ੍ਰੀਤ ਸਿੰਘ ਗਿੱਲ, ਇੰਦਰਜੀਤ ਸਿੰਘ ਹੈਪੀ, ਦਲਬੀਰ ਸਿੰਘ ਸੰਘੇੜਾ, ਜੋਗਿੰਦਰ ਸਿੰਘ ਨਿੱਜਰ ਅਤੇ ਹੋਰ ਮੌਜੂਦ ਸਨ।



# ਸੈਨੇਟ ਵੱਲੋਂ ਆਈਸੀਈ ਅਤੇ ਬਾਰਡਰ ਪੈਟਰੋਲ ਲਈ 70 ਬਿਲੀਅਨ ਡਾਲਰ ਫੰਡਿੰਗ ਨੂੰ ਮਨਜ਼ੂਰੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਸੈਨੇਟ ਨੇ ਇਮੀਗ੍ਰੇਸ਼ਨ ਐਨਫੋਰਸਮੈਂਟ ਏਜੰਸੀਆਂ ਲਈ ਲਗਭਗ 70 ਬਿਲੀਅਨ ਦੀ ਵੱਡੀ ਫੰਡਿੰਗ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਬਿੱਲ 52-47 ਵੋਟਾਂ ਨਾਲ ਪਾਸ ਹੋਇਆ ਅਤੇ ਇਸਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਲਈ ਇੱਕ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ। ਇਸ ਫੰਡਿੰਗ ਦਾ ਮੁੱਖ ਉਦੇਸ਼ ਆਈਸੀਈ, ਬਾਰਡਰ ਪੈਟਰੋਲ, ਡਿਟੈਨਸ਼ਨ ਸੈਂਟਰਾਂ, ਸਰਹੱਦੀ ਸੁਰੱਖਿਆ ਅਤੇ ਡਿਪੋਰਟੇਸ਼ਨ ਕਾਰਵਾਈਆਂ ਨੂੰ ਹੋਰ ਮਜ਼ਬੂਤ ਕਰਨਾ ਹੈ। ਇਸ ਯੋਜਨਾ ਦੀ ਸ਼ੁਰੂਆਤ ਅਸਲ ਵਿਚ 2025 'ਚ ਟਰੰਪ ਪ੍ਰਸ਼ਾਸਨ ਦੇ ਬਹੁਚਰਚਿਤ 'ਵੰਨ ਬਿੱਗ ਬਿਊਟੀਫੁੱਲ ਬਿੱਲ' ਨਾਲ ਹੋਈ ਸੀ। ਉਸ ਬਿੱਲ ਵਿਚ ਸਰਹੱਦੀ ਸੁਰੱਖਿਆ, ਆਈਸੀਈ, ਸੀ.ਬੀ.ਪੀ, ਨਵੇਂ ਬਾਰਡਰ ਏਜੰਟਾਂ ਦੀ ਭਰਤੀ, ਡਿਟੈਨਸ਼ਨ ਸਮਰੱਥਾ ਅਤੇ ਡਿਪੋਰਟੇਸ਼ਨ ਮੁਹਿੰਮ ਲਈ ਅਰਬਾਂ ਡਾਲਰ ਰੱਖਣ ਦੀ ਯੋਜਨਾ ਬਣਾਈ ਗਈ ਸੀ। ਉਸ ਵੇਲੇ ਰਿਪਬਲਿਕਨ ਆਗੂਆਂ ਨੇ ਕਿਹਾ ਸੀ ਕਿ ਉਹ ਟਰੰਪ ਦੇ ਕਾਰਜਕਾਲ ਦੇ ਅੰਤ ਤੱਕ ਇਮੀਗ੍ਰੇਸ਼ਨ ਐਨਫੋਰਸਮੈਂਟ ਲਈ ਲੰਬੇ ਸਮੇਂ ਦੀ ਫੰਡਿੰਗ ਯਕੀਨੀ ਬਣਾਉਣਾ ਚਾਹੁੰਦੇ ਹਨ।

ਅਪ੍ਰੈਲ 2026 ਵਿਚ ਸੈਨੇਟ ਰਿਪਬਲਿਕਨਾਂ ਨੇ ਇੱਕ ਵਿਸ਼ੇਸ਼ ਬਜਟ ਯੋਜਨਾ ਪੇਸ਼ ਕੀਤੀ, ਜਿਸ ਰਾਹੀਂ ਆਈਸੀਈ ਅਤੇ ਬਾਰਡਰ ਪੈਟਰੋਲ ਲਈ ਵੱਖਰੀ ਫੰਡਿੰਗ ਨੂੰ ਅੱਗੇ ਵਧਾਇਆ ਗਿਆ। ਇਹ ਕਦਮ ਉਸ ਸਮੇਂ ਚੁੱਕਿਆ ਗਿਆ, ਜਦੋਂ ਹੋਮਲੈਂਡ ਸਕਿਓਰਿਟੀ ਵਿਭਾਗ ਦੀ ਫੰਡਿੰਗ ਅਤੇ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਵਾਸ਼ਿੰਗਟਨ ਵਿਚ ਤਿੱਖਾ ਰਾਜਨੀਤਿਕ ਟਕਰਾਅ ਚੱਲ ਰਿਹਾ ਸੀ। ਹੁਣ ਪਾਸ ਹੋਏ ਬਿੱਲ ਅਧੀਨ ਲਗਭਗ 38 ਬਿਲੀਅਨ ਡਾਲਰ ਆਈਸੀਈ ਨੂੰ ਅਤੇ ਕਰੀਬ 26 ਬਿਲੀਅਨ ਡਾਲਰ ਬਾਰਡਰ ਪੈਟਰੋਲ ਅਤੇ ਸਰਹੱਦੀ ਸੁਰੱਖਿਆ ਲਈ ਦਿੱਤੇ ਜਾਣ ਦੀ ਉਮੀਦ ਹੈ।



ਇਸ ਰਕਮ ਨਾਲ ਹਜ਼ਾਰਾਂ ਨਵੇਂ ਏਜੰਟ ਭਰਤੀ ਕੀਤੇ ਜਾ ਸਕਦੇ ਹਨ, ਡਿਟੈਨਸ਼ਨ ਬੈੱਡਾਂ ਦੀ ਗਿਣਤੀ ਵਧਾਈ ਜਾ ਸਕਦੀ ਹੈ ਅਤੇ ਡਿਪੋਰਟੇਸ਼ਨ ਕਾਰਵਾਈਆਂ ਨੂੰ ਤੇਜ਼ ਕੀਤਾ ਜਾ ਸਕਦਾ ਹੈ।

ਰਿਪਬਲਿਕਨ ਆਗੂਆਂ ਦਾ ਕਹਿਣਾ ਹੈ ਕਿ ਇਹ ਫੰਡਿੰਗ ਅਮਰੀਕਾ ਦੀ ਦੱਖਣੀ ਸਰਹੱਦ ਨੂੰ ਸੁਰੱਖਿਅਤ ਬਣਾਉਣ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਜ਼ਰੂਰੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਵਧੇਰੇ ਸਰੋਤਾਂ ਨਾਲ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇਗਾ। ਦੂਜੇ ਪਾਸੇ ਡੈਮੋਕ੍ਰੈਟਸ ਅਤੇ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਬਿੱਲ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਫੰਡਿੰਗ ਆਈਸੀਈ ਨੂੰ ਅਸਾਧਾਰਨ ਤੌਰ 'ਤੇ ਵੱਡੇ ਅਧਿਕਾਰ ਅਤੇ ਸਰੋਤ ਦੇਵੇਗੀ, ਜਿਸ ਨਾਲ ਗ੍ਰਿਫ਼ਤਾਰੀਆਂ, ਨਜ਼ਰਬੰਦੀਆਂ ਅਤੇ ਡਿਪੋਰਟੇਸ਼ਨਾਂ ਵਿਚ ਵੱਡਾ ਵਾਧਾ ਹੋ ਸਕਦਾ ਹੈ। ਵਿਰੋਧੀਆਂ ਦਾ ਇਹ ਵੀ ਕਹਿਣਾ ਹੈ ਕਿ ਬਿੱਲ ਵਿਚ ਇਮੀਗ੍ਰੇਸ਼ਨ ਪ੍ਰਣਾਲੀ ਦੇ ਸੁਧਾਰਾਂ ਜਾਂ ਕਾਨੂੰਨੀ ਰਸਤੇ ਵਧਾਉਣ ਲਈ ਕੋਈ ਵੱਡੀ ਵਿਵਸਥਾ ਨਹੀਂ ਕੀਤੀ ਗਈ। ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਇਹ ਫੰਡਿੰਗ ਪੂਰੀ ਤਰ੍ਹਾਂ ਲਾਗੂ ਹੋ ਜਾਂਦੀ ਹੈ, ਤਾਂ ਅਗਲੇ ਕੁਝ ਸਾਲਾਂ ਵਿਚ ਆਈਸੀਈ ਰੇਡਾਂ, ਡਿਟੈਨਸ਼ਨ ਕਾਰਵਾਈਆਂ, ਅਦਾਲਤੀ ਕੇਸਾਂ ਅਤੇ ਡਿਪੋਰਟੇਸ਼ਨ ਆਰਡਰਾਂ ਵਿਚ ਕਾਫ਼ੀ ਵਾਧਾ ਦੇਖਣ ਨੂੰ ਮਿਲ ਸਕਦਾ ਹੈ। ਇਸਦਾ ਅਸਰ ਖ਼ਾਸ ਤੌਰ 'ਤੇ ਉਨ੍ਹਾਂ ਲੋਕਾਂ 'ਤੇ ਪੈ ਸਕਦਾ ਹੈ, ਜਿਨ੍ਹਾਂ ਦੇ ਅਸਾਇਲਮ, ਇਮੀਗ੍ਰੇਸ਼ਨ ਜਾਂ ਡਿਪੋਰਟੇਸ਼ਨ ਕੇਸ ਅਜੇ ਵੀ ਲੰਬਿਤ ਹਨ।

# ਫੈਡਰਲ ਕੋਰਟ ਵੱਲੋਂ ਅਸਾਇਲਮ ਅਤੇ ਇਮੀਗ੍ਰੇਸ਼ਨ ਕੇਸਾਂ ਦੀ ਪ੍ਰੋਸੈਸਿੰਗ ਮੁੜ ਸ਼ੁਰੂ ਕਰਨ ਦੇ ਹੁਕਮ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੀ ਇੱਕ ਫੈਡਰਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੀਆਂ ਕਈ ਇਮੀਗ੍ਰੇਸ਼ਨ ਨੀਤੀਆਂ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਅਸਾਇਲਮ, ਗ੍ਰੀਨ ਕਾਰਡ, ਵਰਕ ਪਰਮਿਟ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਦੀ ਪ੍ਰਕਿਰਿਆ ਤੁਰੰਤ ਮੁੜ ਸ਼ੁਰੂ ਕਰਨ ਦੇ ਹੁਕਮ ਜਾਰੀ ਕੀਤੇ ਹਨ। ਰੋਡ ਆਈਲੈਂਡ ਦੇ ਫੈਡਰਲ ਜੱਜ ਜੌਨ ਜੇ. ਮੈਕਕੋਨਲ ਜੂਨੀਅਰ ਨੇ 135 ਸਫ਼ਿਆਂ ਦੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਵੱਲੋਂ ਲਾਗੂ ਕੀਤੀਆਂ ਨੀਤੀਆਂ ਨੇ ਹਜ਼ਾਰਾਂ ਪ੍ਰਵਾਸੀਆਂ ਨੂੰ ਕਾਨੂੰਨੀ ਅਨਿਸ਼ਚਿਤਤਾ ਵਿਚ ਧੱਕ ਦਿੱਤਾ ਅਤੇ ਉਨ੍ਹਾਂ ਦੇ ਕੇਸਾਂ ਨੂੰ ਬਿਨਾਂ ਕਾਨੂੰਨੀ ਆਧਾਰ ਦੇ ਰੋਕ ਦਿੱਤਾ।

ਅਦਾਲਤ ਵਿਚ ਦਾਇਰ ਮੁਕੱਦਮੇ ਅਨੁਸਾਰ, 39 ਦੇਸ਼ਾਂ ਦੇ ਨਾਗਰਿਕਾਂ ਲਈ ਅਸਾਇਲਮ, ਵਰਕ ਪਰਮਿਟ, ਗ੍ਰੀਨ ਕਾਰਡ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਦੀਆਂ ਅਰਜ਼ੀਆਂ ਨੂੰ ਰੋਕਿਆ ਗਿਆ ਸੀ। ਇਨ੍ਹਾਂ ਵਿਚ ਅਫਰੀਕਾ, ਏਸ਼ੀਆ, ਲਾਤੀਨੀ ਅਮਰੀਕਾ ਅਤੇ ਮੱਧ ਪੂਰਬ ਦੇ ਕਈ ਦੇਸ਼ ਸ਼ਾਮਲ ਸਨ।

ਜੱਜ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਇਹ ਲੋਕ ਉਹ ਹਨ, ਜਿਨ੍ਹਾਂ ਨੇ ਅਮਰੀਕਾ ਦੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਕਰਦਿਆਂ ਕਾਨੂੰਨੀ ਤਰੀਕੇ ਨਾਲ ਅਰਜ਼ੀਆਂ ਦਿੱਤੀਆਂ ਸਨ, ਪਰ ਉਨ੍ਹਾਂ ਦੇ ਕੇਸਾਂ ਨੂੰ ਸਿਰਫ਼ ਉਨ੍ਹਾਂ ਦੇ ਜਨਮ ਦੇਸ਼ ਦੇ ਆਧਾਰ 'ਤੇ ਰੋਕ ਦਿੱਤਾ ਗਿਆ।

ਅਦਾਲਤ ਨੇ ਚਾਰ ਮੁੱਖ ਨੀਤੀਆਂ ਨੂੰ ਰੱਦ ਕਰ ਦਿੱਤਾ, ਜਿਨ੍ਹਾਂ ਵਿਚ ਸਾਰੇ ਅਸਾਇਲਮ ਕੇਸਾਂ 'ਤੇ ਰੋਕ, 39 ਦੇਸ਼ਾਂ ਦੇ ਨਾਗਰਿਕਾਂ ਲਈ ਇਮੀਗ੍ਰੇਸ਼ਨ ਲਾਭਾਂ ਦੀ ਪ੍ਰੋਸੈਸਿੰਗ ਰੋਕਣਾ, ਪਹਿਲਾਂ ਮਨਜ਼ੂਰ ਹੋਏ ਕੇਸਾਂ ਦੀ ਮੁੜ ਜਾਂਚ ਅਤੇ ਦੇਸ਼ ਦੇ ਆਧਾਰ 'ਤੇ ਨਕਾਰਾਤਮਕ ਫੈਸਲੇ ਲੈਣ ਦੀ ਹਦਾਇਤ ਸ਼ਾਮਲ ਸੀ। ਇਹ ਨੀਤੀਆਂ 2025 ਦੇ ਅਖੀਰ ਵਿਚ ਲਾਗੂ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਕਾਰਨ ਹਜ਼ਾਰਾਂ ਲੋਕ ਮਹੀਨਿਆਂ ਤੱਕ ਆਪਣੇ ਵਰਕ ਪਰਮਿਟ, ਗ੍ਰੀਨ ਕਾਰਡ ਜਾਂ ਅਸਾਇਲਮ ਫੈਸਲਿਆਂ ਦੀ ਉਡੀਕ ਕਰਦੇ ਰਹੇ। ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀ ਸੰਸਥਾ ਡੈਮੋਕਰੇਸੀ ਫਾਰਵਰਡ ਨੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਸਰਕਾਰ ਕਾਨੂੰਨੀ ਇਮੀਗ੍ਰੇਸ਼ਨ ਦੇ ਰਸਤੇ ਬੰਦ ਨਹੀਂ ਕਰ ਸਕਦੀ ਅਤੇ ਨਾ ਹੀ ਕਿਸੇ ਵਿਅਕਤੀ ਨਾਲ ਉਸਦੇ ਮੂਲ ਦੇਸ਼ ਦੇ ਆਧਾਰ 'ਤੇ ਭੇਦਭਾਵ ਕਰ ਸਕਦੀ ਹੈ।

ਫੈਸਲੇ ਤੋਂ ਬਾਅਦ ਹੁਣ ਯੂਐੱਸਸੀਆਈਐੱਸ ਨੂੰ ਰੋਕੇ ਗਏ ਆਸਾਇਲਮ, ਗ੍ਰੀਨ ਕਾਰਡ, ਵਰਕ ਪਰਮਿਟ ਅਤੇ ਹੋਰ ਇਮੀਗ੍ਰੇਸ਼ਨ ਲਾਭਾਂ ਦੀਆਂ ਅਰਜ਼ੀਆਂ ਦੀ ਪ੍ਰਕਿਰਿਆ ਮੁੜ ਸ਼ੁਰੂ ਕਰਨੀ ਪਵੇਗੀ।

ਹਾਲਾਂਕਿ ਟਰੰਪ ਪ੍ਰਸ਼ਾਸਨ ਕੋਲ ਇਸ ਫ਼ੈਸਲੇ ਖ਼ਿਲਾਫ਼ ਉੱਚ ਅਦਾਲਤ ਵਿਚ ਅਪੀਲ ਕਰਨ ਦਾ ਵਿਕਲਪ ਮੌਜੂਦ ਹੈ। ਇਮੀਗ੍ਰੇਸ਼ਨ ਮਾਹਿਰਾਂ ਦੇ ਅਨੁਸਾਰ ਇਹ ਫ਼ੈਸਲਾ ਹਜ਼ਾਰਾਂ ਪ੍ਰਵਾਸੀਆਂ ਲਈ ਵੱਡੀ ਰਾਹਤ ਸਾਬਤ ਹੋ ਸਕਦਾ ਹੈ, ਜਿਨ੍ਹਾਂ ਦੇ ਕੇਸ ਪਿਛਲੇ ਕਈ ਮਹੀਨਿਆਂ ਤੋਂ ਰੁਕੇ ਹੋਏ ਸਨ ਅਤੇ ਜੋ ਆਪਣੇ ਭਵਿੱਖ ਨੂੰ ਲੈ ਕੇ ਅਨਿਸ਼ਚਿਤਤਾ ਵਿਚ ਜੀਅ ਰਹੇ ਸਨ।

ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ Traki ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

INVOICE
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**
**3 ਦਿਨ ਦਾ ਮੁਫਤ TRIAL ਮਿਲੇਗਾ!**
ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.


SAN MARCO TEEYAN BAY POINT
PROUDLY PRESENTS ( NON PROFIT)
9TH ANNUAL WOMEN'S FESTIWAL
FETURING : GIDHA, DANCE, SKITS, SONGS, LIVE DJ AND MUCH MORE
San Marco Teeyan
ON SUNDAY JULY 12TH 2026
AMBROSE COMMUNITY CENTER 12 PM TO 6 PM
3105 WILLOW PASS RD , BAY POINT CA 94565
Host
PREETO SAWHNEY
JEWELRY AND CLOTHING STALLS
RAFFLE DRAWING FOR GOLD ITEMS AND MORE PRIZES
Free Entry
Free Parking
PHOTO & VIDEOGRAPHY BY
PAL FILMS PRODUCTION
341 356 1517
GRAND SPONSOR
CHINNA JEWELERS
FOR MORE INFO & PARTICIPATION CALL
SONIA WALIA 925-565-6058
PARAMJIT NOKWAL 925-323-2523
HARPREET SUTTI 925-464-3414
FOOD BY
DOSA PLACE


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
Video Advertising
POSTERS DESIGN
We design flyers, Posters and
Post Cards to promote your business
Positive Vibes
BUSINESS CARD DESIGN
WE DESIGN YOUR
BUSINESS CARD
COMPANY NAME
COMPANY
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਮੌਕੇ ਕਥਿਤ ਗਲਤ ਜਾਣਕਾਰੀ ਅਤੇ ਗੰਭੀਰ ਅਪਰਾਧ ਲੁਕਾਉਣ ਦੇ ਦੋਸ਼ਾਂ ਹੇਠ 17 ਨਾਗਰਿਕਾਂ ਦੀ ਨਾਗਰਿਕਤਾ ਰੱਦ ਕਰਵਾਉਣ ਲਈ ਅਦਾਲਤਾਂ ਵਿਚ ਕੇਸ ਦਾਇਰ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਟਰੰਪ ਪ੍ਰਸ਼ਾਸਨ ਨੇ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਦੌਰਾਨ ਕਥਿਤ ਧੋਖਾਧੜੀ, ਗਲਤ ਜਾਣਕਾਰੀ ਅਤੇ ਗੰਭੀਰ ਅਪਰਾਧ ਲੁਕਾਉਣ ਦੇ ਦੋਸ਼ਾਂ ਹੇਠ 17 ਨੈਚੁਰਲਾਈਜ਼ਡ ਯੂ.ਐੱਸ ਨਾਗਰਿਕਾਂ ਦੀ ਨਾਗਰਿਕਤਾ ਰੱਦ ਕਰਵਾਉਣ ਲਈ ਅਦਾਲਤਾਂ ਵਿਚ ਕੇਸ ਦਾਇਰ ਕੀਤੇ ਹਨ। ਅਮਰੀਕੀ ਨਿਆਂ ਵਿਭਾਗ ਨੇ ਇਸ ਨੂੰ ਦੇਸ਼ ਦੇ ਇਤਿਹਾਸ ਵਿਚ ਡੀਨੈਚੁਰਲਾਈਜ਼ੇਸ਼ਨ ਦੀ ਸਭ ਤੋਂ ਵੱਡੀਆਂ ਕਾਰਵਾਈਆਂ ਵਿਚੋਂ ਇੱਕ ਕਰਾਰ ਦਿੱਤਾ ਹੈ। ਅਧਿਕਾਰੀਆਂ ਮੁਤਾਬਕ ਟਰੰਪ ਪ੍ਰਸ਼ਾਸਨ ਇਮੀਗ੍ਰੇਸ਼ਨ ਨੀਤੀਆਂ ਨੂੰ ਹੋਰ ਸਖ਼ਤ ਬਣਾਉਣ ਦੇ ਆਪਣੇ ਵਾਅਦੇ ਤਹਿਤ ਇਸ ਮੁਹਿੰਮ ਨੂੰ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਸਰਕਾਰ ਦਾ ਕਹਿਣਾ ਹੈ ਕਿ ਕੁਝ ਲੋਕਾਂ ਨੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਵੇਲੇ ਆਪਣੇ ਅਪਰਾਧਿਕ ਰਿਕਾਰਡ, ਧੋਖਾਧੜੀ ਨਾਲ ਜੁੜੇ ਮਾਮਲੇ ਜਾਂ ਹੋਰ ਮਹੱਤਵਪੂਰਨ ਜਾਣਕਾਰੀਆਂ ਨੂੰ ਲੁਕਾਇਆ ਸੀ। ਨਿਆਂ ਵਿਭਾਗ ਵੱਲੋਂ ਅਦਾਲਤ ਵਿਚ ਦਾਇਰ ਕੀਤੀਆਂ ਗਈਆਂ ਸ਼ਿਕਾਇਤਾਂ ਅਨੁਸਾਰ ਨਵੇਂ ਮਾਮਲਿਆਂ ਵਿਚ ਕੁਝ ਅਜਿਹੇ ਲੋਕ ਵੀ ਸ਼ਾਮਲ ਹਨ, ਜੋ ਬੱਚਿਆਂ ਨਾਲ ਸੈਕਸ ਅਪਰਾਧਾਂ, ਵਾਇਰ ਫਰਾਡ, ਮਨੀ ਲਾਂਡਰਿੰਗ ਅਤੇ ਹੋਰ ਗੰਭੀਰ ਜੁਰਮਾਂ ਵਿਚ ਦੋਸ਼ੀ ਠਹਿਰਾਏ ਜਾ ਚੁੱਕੇ ਹਨ। ਕਈਆਂ ਉੱਤੇ ਇਮੀਗ੍ਰੇਸ਼ਨ ਪ੍ਰਕਿਰਿਆ ਦੌਰਾਨ ਝੂਠੀ ਜਾਣਕਾਰੀ ਦੇਣ ਜਾਂ ਆਪਣੀ ਅਸਲ ਪਛਾਣ ਲੁਕਾਉਣ ਦੇ ਦੋਸ਼ ਵੀ ਲਗਾਏ ਗਏ ਹਨ। ਇਨ੍ਹਾਂ 17 ਵਿਅਕਤੀਆਂ ਵਿਚ ਇੱਕ ਭਾਰਤੀ ਮੂਲ ਦਾ ਵਿਅਕਤੀ ਵੀ ਸ਼ਾਮਲ ਹੈ, ਜਿਸ ਉੱਤੇ ਕਥਿਤ ਤੌਰ 'ਤੇ ਜਾਅਲਸਾਜ਼ੀ ਵਾਲੀਆਂ ਐੱਚ-1ਬੀ ਵੀਜ਼ਾ ਪਟੀਸ਼ਨਾਂ ਦਾਇਰ ਕਰਨ ਦੇ ਦੋਸ਼ ਹਨ। ਇਸ ਤੋਂ ਇਲਾਵਾ



ਮੈਕਸੀਕੋ, ਹੈਤੀ, ਕੋਲੰਬੀਆ, ਜਮੈਕਾ, ਕਿਊਬਾ, ਫਿਲੀਪੀਨਜ਼ ਅਤੇ ਸਾਬਕਾ ਯੂਗੋਸਲਾਵੀਆ ਨਾਲ ਸੰਬੰਧਤ ਕੁਝ ਨਾਗਰਿਕ ਵੀ ਇਸ ਕਾਰਵਾਈ ਦੇ ਘੇਰੇ ਵਿਚ ਆਏ ਹਨ। ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਕਿਹਾ ਕਿ ਅਮਰੀਕੀ ਨਾਗਰਿਕਤਾ ਇੱਕ ਵਿਸ਼ੇਸ਼ ਅਧਿਕਾਰ ਹੈ ਅਤੇ ਜੋ ਲੋਕ ਧੋਖਾਧੜੀ ਜਾਂ ਝੂਠ ਦੇ ਆਧਾਰ 'ਤੇ ਇਹ ਹਾਸਲ ਕਰਦੇ ਹਨ, ਉਨ੍ਹਾਂ ਨੂੰ ਇਸ ਦਾ ਲਾਭ ਨਹੀਂ ਮਿਲਣਾ ਚਾਹੀਦਾ।

ਉਨ੍ਹਾਂ ਕਿਹਾ ਕਿ ਨਿਆਂ ਵਿਭਾਗ ਨਾਗਰਿਕਤਾ ਪ੍ਰਣਾਲੀ ਦੇ ਦੁਰਪਯੋਗ ਵਿਰੁੱਧ "ਜ਼ੀਰੋ ਟੋਲਰੈਂਸ" ਨੀਤੀ ਅਪਣਾ ਰਿਹਾ ਹੈ। ਹੋਮਲੈਂਡ ਸਕਿਓਰਿਟੀ ਸੈਕਟਰੀ ਮਾਰਕਵੇਨ ਮੁਲਿਨ ਨੇ ਵੀ ਕਿਹਾ ਕਿ ਸਰਕਾਰ ਹਰ ਕਾਨੂੰਨੀ ਰਸਤਾ ਵਰਤ ਕੇ ਉਨ੍ਹਾਂ ਲੋਕਾਂ ਦੀ ਨਾਗਰਿਕਤਾ ਰੱਦ ਕਰਵਾਏਗੀ, ਜਿਨ੍ਹਾਂ ਨੇ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਧੋਖੇ ਨਾਲ ਵਰਤਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਅਮਰੀਕਾ ਆ ਕੇ ਕਾਨੂੰਨ ਤੋੜਦੇ ਹਨ ਅਤੇ ਇਮੀਗ੍ਰੇਸ਼ਨ ਕਾਰਵਾਈਆਂ ਦੌਰਾਨ ਝੂਠ ਬੋਲਦੇ ਹਨ, ਉਹ ਅਮਰੀਕੀ ਨਾਗਰਿਕਤਾ ਦੇ ਹੱਕਦਾਰ ਨਹੀਂ ਹਨ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਡੀਨੈਚੁਰਲਾਈਜ਼ੇਸ਼ਨ ਦੀ ਪ੍ਰਕਿਰਿਆ ਸੌਖੀ ਨਹੀਂ ਹੁੰਦੀ। ਸਰਕਾਰ ਨੂੰ ਫੈਡਰਲ ਅਦਾਲਤ ਵਿਚ ਸਬੂਤਾਂ ਦੇ ਆਧਾਰ 'ਤੇ ਇਹ ਸਾਬਤ ਕਰਨਾ ਪੈਂਦਾ ਹੈ ਕਿ ਵਿਅਕਤੀ ਨੇ ਨਾਗਰਿਕਤਾ ਹਾਸਲ ਕਰਦੇ ਸਮੇਂ ਧੋਖਾਧੜੀ ਕੀਤੀ ਸੀ ਜਾਂ ਕੋਈ ਅਹਿਮ ਜਾਣਕਾਰੀ ਲੁਕਾਈ ਸੀ। ਦੋਸ਼ਾਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਅਦਾਲਤ ਵਿਚ ਆਪਣਾ ਪੱਖ ਰੱਖਣ ਅਤੇ ਸਰਕਾਰ ਦੇ ਦਾਅਵਿਆਂ ਨੂੰ ਚੁਣੌਤੀ ਦੇਣ ਦਾ ਪੂਰਾ ਅਧਿਕਾਰ ਹੋਵੇਗਾ। ਜੇ ਅਦਾਲਤ ਸਰਕਾਰ ਦੇ ਹੱਕ ਵਿਚ ਫੈਸਲਾ ਦਿੰਦੀ ਹੈ, ਤਾਂ ਸੰਬੰਧਤ ਵਿਅਕਤੀ ਦੀ ਅਮਰੀਕੀ ਨਾਗਰਿਕਤਾ ਖਤਮ ਹੋ ਸਕਦੀ ਹੈ। ਉਸ ਤੋਂ ਬਾਅਦ ਉਹ ਮੁੜ ਗ੍ਰੀਨ ਕਾਰਡ ਧਾਰਕ ਦੇ ਦਰਜੇ ਵਿਚ ਆ ਸਕਦਾ ਹੈ ਅਤੇ ਕੁਝ ਮਾਮਲਿਆਂ ਵਿਚ ਉਸ ਖ਼ਿਲਾਫ਼ ਦੇਸ਼ ਨਿਕਾਲੇ ਦੀ ਕਾਰਵਾਈ ਵੀ ਸ਼ੁਰੂ ਹੋ ਸਕਦੀ ਹੈ। ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ ਇਹ ਕਾਰਵਾਈ ਆਮ ਨੈਚੁਰਲਾਈਜ਼ਡ ਯੂ.ਐੱਸ. ਸਿਟੀਜ਼ਨਾਂ ਖ਼ਿਲਾਫ਼ ਨਹੀਂ, ਸਗੋਂ ਉਨ੍ਹਾਂ ਕੇਸਾਂ ਖ਼ਿਲਾਫ਼ ਹੈ, ਜਿੱਥੇ ਸਰਕਾਰ ਨੂੰ ਧੋਖਾਧੜੀ, ਜਾਅਲਸਾਜ਼ੀ, ਝੂਠੀ ਜਾਣਕਾਰੀ ਜਾਂ ਗੰਭੀਰ ਅਪਰਾਧਾਂ ਦੇ ਸਬੂਤ ਮਿਲੇ ਹਨ। ਫਿਰ ਵੀ ਇਹ ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਪ੍ਰਕਿਰਿਆ ਉੱਤੇ ਵਧਦੀ ਸਖ਼ਤੀ ਦਾ ਇੱਕ ਹੋਰ ਵੱਡਾ ਸੰਕੇਤ ਮੰਨਿਆ ਜਾ ਰਿਹਾ ਹੈ।

# ਮੈਡੀਕੇਡ ਲਾਭਪਾਤਰੀਆਂ ਦੀ ਯੋਗਤਾ ਦੀ ਹੁਣ ਹਰ 6 ਮਹੀਨੇ ਬਾਅਦ ਹੋਵੇਗੀ ਜਾਂਚ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵਿਚ ਮੈਡੀਕੇਡ ਸਿਹਤ ਬੀਮਾ ਪ੍ਰੋਗਰਾਮ ਤਹਿਤ ਕਵਰੇਜ ਲੈ ਰਹੇ ਲੱਖਾਂ ਲੋਕਾਂ ਲਈ ਇੱਕ ਵੱਡਾ ਬਦਲਾਅ ਆਉਣ ਵਾਲਾ ਹੈ। ਨਵੇਂ ਫੈਡਰਲ ਕਾਨੂੰਨ ਅਨੁਸਾਰ 31 ਦਸੰਬਰ 2026 ਤੋਂ ਬਾਅਦ ਮੈਡੀਕੇਡ ਵਿਸਥਾਰ ਪ੍ਰੋਗਰਾਮ ਤਹਿਤ ਕਵਰੇਜ ਲੈ ਰਹੇ ਬਾਲਗਾਂ ਦੀ ਯੋਗਤਾ ਦੀ ਜਾਂਚ ਹੁਣ ਹਰ 12 ਮਹੀਨੇ ਦੀ ਬਜਾਏ ਹਰ 6 ਮਹੀਨੇ ਬਾਅਦ ਕੀਤੀ ਜਾਵੇਗੀ। ਇਹ ਤਬਦੀਲੀ ਅਫੋਰਡੇਬਲ ਕੇਅਰ ਐਕਟ (ਏ.ਸੀ.ਏ.) ਤਹਿਤ ਮੈਡੀਕੇਡ ਵਿਸਥਾਰ ਰਾਹੀਂ ਕਵਰੇਜ ਲੈ ਰਹੇ ਕਰੋੜਾਂ ਅਮਰੀਕੀਆਂ ਨੂੰ ਪ੍ਰਭਾਵਿਤ ਕਰੇਗੀ। ਹੁਣ ਤੱਕ ਜ਼ਿਆਦਾਤਰ ਲੋਕਾਂ ਨੂੰ ਸਾਲ ਵਿਚ ਇੱਕ ਵਾਰ ਆਪਣੀ ਆਮਦਨ, ਰਿਹਾਇਸ਼ ਅਤੇ ਹੋਰ ਜਾਣਕਾਰੀ ਅਪਡੇਟ ਕਰਨੀ ਪੈਂਦੀ ਸੀ, ਪਰ ਨਵੇਂ ਨਿਯਮਾਂ ਅਧੀਨ ਇਹ ਪ੍ਰਕਿਰਿਆ ਸਾਲ ਵਿਚ ਦੋ ਵਾਰ ਪੂਰੀ ਕਰਨੀ ਪਵੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਾਲ ਰਾਜ ਸਰਕਾਰਾਂ ਉੱਤੇ ਪ੍ਰਸ਼ਾਸਨਿਕ ਬੋਝ ਕਾਫ਼ੀ ਵੱਧ ਜਾਵੇਗਾ। ਮੈਡੀਕੇਡ ਦਫ਼ਤਰਾਂ ਨੂੰ ਹੁਣ ਦੁੱਗਣੀ ਗਿਣਤੀ ਵਿਚ ਫਾਈਲਾਂ ਦੀ ਜਾਂਚ ਕਰਨੀ ਪਵੇਗੀ ਅਤੇ ਲਾਭਪਾਤਰੀਆਂ ਨੂੰ ਵੀ ਵਾਰ-ਵਾਰ ਦਸਤਾਵੇਜ਼ ਜਮ੍ਹਾਂ ਕਰਵਾਉਣੇ ਪੈਣਗੇ। ਨੀਤੀ ਵਿਸ਼ਲੇਸ਼ਕਾਂ ਅਨੁਸਾਰ ਇਸ ਤਬਦੀਲੀ ਦਾ ਸਭ ਤੋਂ ਵੱਡਾ ਪ੍ਰਭਾਵ ਉਨ੍ਹਾਂ ਲੋਕਾਂ ਉੱਤੇ ਪੈ ਸਕਦਾ ਹੈ, ਜੋ ਪਹਿਲਾਂ ਹੀ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਜੇ ਕੋਈ ਵਿਅਕਤੀ ਨੋਟਿਸ ਦਾ ਜਵਾਬ ਦੇਣ ਵਿਚ ਦੇਰ ਕਰ ਦਿੰਦਾ ਹੈ, ਪਤਾ ਬਦਲਣ ਦੀ ਜਾਣਕਾਰੀ ਨਹੀਂ ਦਿੰਦਾ ਜਾਂ ਲੋੜੀਂਦੇ ਦਸਤਾਵੇਜ਼ ਸਮੇਂ ਸਿਰ




ਨਹੀਂ ਭੇਜਦਾ, ਤਾਂ ਉਸਦੀ ਮੈਡੀਕੇਡ ਕਵਰੇਜ ਬੰਦ ਹੋ ਸਕਦੀ ਹੈ, ਭਾਵੇਂ ਉਹ ਅਜੇ ਵੀ ਯੋਗ ਹੋਵੇ।

ਅਰਬਨ ਇੰਸਟੀਚਿਊਟ ਦੀ ਇੱਕ ਰਿਪੋਰਟ ਅਨੁਸਾਰ ਇਸ ਨਵੇਂ ਨਿਯਮ ਕਾਰਨ 2028 ਤੱਕ ਮੈਡੀਕੇਡ ਵਿਸਥਾਰ ਪ੍ਰੋਗਰਾਮ ਵਿਚ ਸ਼ਾਮਲ 20 ਲੱਖ ਤੋਂ 31 ਲੱਖ ਲੋਕ ਕਵਰੇਜ ਤੋਂ ਬਾਹਰ ਹੋ ਸਕਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਅਸਲ ਵਿਚ ਅਯੋਗ ਨਹੀਂ ਹੋਣਗੇ, ਸਗੋਂ ਸਿਰਫ਼ ਕਾਗਜ਼ੀ ਕਾਰਵਾਈ ਪੂਰੀ ਨਾ ਕਰਨ ਕਾਰਨ ਕਵਰੇਜ ਗੁਆ ਸਕਦੇ ਹਨ। ਸਿਹਤ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਕਵਰੇਜ ਸੰਬੰਧੀ ਸਮੱਸਿਆ ਵੱਧ ਸਕਦੀ ਹੈ। ਇਸਦਾ ਮਤਲਬ ਹੈ ਕਿ ਲੋਕ ਕੁਝ ਮਹੀਨਿਆਂ ਲਈ ਮੈਡੀਕੇਡ ਤੋਂ ਬਾਹਰ ਹੋ ਜਾਣਗੇ ਅਤੇ ਫਿਰ ਦੁਬਾਰਾ ਯੋਗ ਹੋਣ 'ਤੇ ਵਾਪਸ ਸ਼ਾਮਲ ਹੋਣਗੇ। ਇਸ ਕਾਰਨ ਕੈਂਸਰ, ਸ਼ੂਗਰ, ਦਿਲ ਦੀਆਂ ਬਿਮਾਰੀਆਂ ਅਤੇ ਹੋਰ ਲੰਬੇ ਸਮੇਂ ਵਾਲੀਆਂ ਬਿਮਾਰੀਆਂ ਦਾ ਇਲਾਜ ਪ੍ਰਭਾਵਿਤ ਹੋ ਸਕਦਾ ਹੈ।

ਖ਼ਾਸ ਤੌਰ 'ਤੇ ਘੱਟ ਆਮਦਨ ਵਾਲੇ ਪਰਿਵਾਰ, ਅੰਗਰੇਜ਼ੀ ਭਾਸ਼ਾ ਵਿਚ ਸੀਮਤ ਦਖਲ ਵਾਲੇ ਲੋਕ, ਪ੍ਰਵਾਸੀ ਭਾਈਚਾਰੇ ਅਤੇ ਉਹ ਲੋਕ ਜਿਨ੍ਹਾਂ ਦੀ ਰਿਹਾਇਸ਼ ਜਾਂ ਨੌਕਰੀ ਅਸਥਿਰ ਹੈ, ਸਭ ਤੋਂ ਵੱਧ ਪ੍ਰਭਾਵਿਤ ਹੋ ਸਕਦੇ ਹਨ। ਫੈਡਰਲ ਸਰਕਾਰ ਨੇ ਰਾਜਾਂ ਨੂੰ ਹਦਾਇਤ ਦਿੱਤੀ ਹੈ ਕਿ ਉਹ ਪਹਿਲਾਂ ਇਲੈਕਟ੍ਰਾਨਿਕ ਡਾਟਾਬੇਸ ਰਾਹੀਂ ਯੋਗਤਾ ਦੀ ਪੁਸ਼ਟੀ ਕਰਨ ਅਤੇ ਕੇਵਲ ਲੋੜ ਪੈਣ 'ਤੇ ਹੀ ਲਾਭਪਾਤਰੀਆਂ ਤੋਂ ਵਾਧੂ ਦਸਤਾਵੇਜ਼ ਮੰਗਣ। ਫਿਰ ਵੀ ਨੀਤੀ ਮਾਹਿਰਾਂ ਦਾ ਕਹਿਣਾ ਹੈ ਕਿ ਹਰ 6 ਮਹੀਨੇ ਬਾਅਦ ਜਾਂਚ ਹੋਣ ਨਾਲ ਗਲਤੀਆਂ ਅਤੇ ਕਵਰੇਜ ਖਤਮ ਹੋਣ ਦੇ ਮਾਮਲੇ ਵੱਧ ਸਕਦੇ ਹਨ। ਇਹ ਨਵਾਂ ਨਿਯਮ 2027 ਦੀ ਪਹਿਲੀ ਤਿਮਾਹੀ ਤੋਂ ਲਾਗੂ ਹੋਣਾ ਸ਼ੁਰੂ ਹੋਵੇਗਾ ਅਤੇ ਆਉਣ ਵਾਲੇ ਸਾਲਾਂ ਵਿਚ ਮੈਡੀਕੇਡ ਪ੍ਰੋਗਰਾਮ ਦੀ ਦਿਸ਼ਾ ਉੱਤੇ ਡੂੰਘਾ ਅਸਰ ਪਾ ਸਕਦਾ ਹੈ। ਖ਼ਾਸ ਕਰਕੇ ਕੈਲੀਫੋਰਨੀਆ ਸਮੇਤ ਉਨ੍ਹਾਂ ਰਾਜਾਂ ਵਿਚ, ਜਿੱਥੇ ਮੈਡੀਕੇਡ ਵਿਸਥਾਰ ਤਹਿਤ ਲੱਖਾਂ ਲੋਕ ਸਿਹਤ ਕਵਰੇਜ ਪ੍ਰਾਪਤ ਕਰ ਰਹੇ ਹਨ, ਇਸ ਨੀਤੀ ਦੇ ਪ੍ਰਭਾਵ ਨੂੰ ਬਹੁਤ ਧਿਆਨ ਨਾਲ ਦੇਖਿਆ ਜਾ ਰਿਹਾ ਹੈ।

# ਅਮਰੀਕਾ ਦੇ 250ਵੇਂ ਸਥਾਪਨਾ ਦਿਵਸ ਤੋਂ ਪਹਿਲਾਂ ਜਾਰੀ ਹੋਇਆ ਸਰਵੇਖਣ

## ਸਿਰਫ਼ 25% ਲੋਕ ਹੀ ਮੰਨਦੇ ਨੇ ਅਮਰੀਕਾ ਨੂੰ ਦੁਨੀਆਂ ਦਾ ਸਭ ਤੋਂ ਵਧੀਆ ਦੇਸ਼

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੇ 250ਵੇਂ ਸਥਾਪਨਾ ਦਿਵਸ ਤੋਂ ਪਹਿਲਾਂ ਜਾਰੀ ਇੱਕ ਨਵੇਂ ਸਰਵੇਖਣ ਨੇ ਦੇਸ਼ ਦੇ ਲੋਕਾਂ ਦੀ ਸੋਚ ਵਿਚ ਆ ਰਹੇ ਵੱਡੇ ਬਦਲਾਅ ਨੂੰ ਉਜਾਗਰ ਕੀਤਾ ਹੈ। ਸਰਵੇ ਅਨੁਸਾਰ ਹੁਣ ਸਿਰਫ਼ ਹਰ ਚਾਰ ਵਿਚੋਂ ਇੱਕ ਅਮਰੀਕੀ ਹੀ ਇਹ ਮੰਨਦਾ ਹੈ ਕਿ ਅਮਰੀਕਾ ਦੁਨੀਆਂ ਦਾ ਸਭ ਤੋਂ ਵਧੀਆ ਦੇਸ਼ ਹੈ। ਸਰਵੇਖਣ ਵਿਚ ਸਾਹਮਣੇ ਆਇਆ ਕਿ ਕਈ ਅਮਰੀਕੀ ਆਪਣੇ ਦੇਸ਼ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਦੇਸ਼ ਦੇ ਸਭ ਤੋਂ ਵਧੀਆ ਦਿਨ ਸ਼ਾਇਦ ਪਿੱਛੇ ਰਹਿ ਗਏ ਹਨ।

ਖ਼ਾਸ ਕਰਕੇ ਨੌਜਵਾਨ ਪੀੜ੍ਹੀ ਵਿਚ ਇਹ ਸੋਚ ਵੱਧ ਦੇਖਣ ਨੂੰ ਮਿਲੀ। ਸਰਵੇ ਅਨੁਸਾਰ 51 ਫੀਸਦੀ ਅਮਰੀਕੀਆਂ ਦਾ ਮੰਨਣਾ ਹੈ ਕਿ "ਅਮਰੀਕਨ ਡਰੀਮ" ਹੁਣ ਪਹਿਲਾਂ ਵਾਂਗ ਸੱਚ ਨਹੀਂ ਰਿਹਾ। ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਘਰ ਖਰੀਦਣਾ, ਵਧੀਆ ਨੌਕਰੀ ਲੱਭਣਾ, ਪਰਿਵਾਰ ਦੀ ਆਰਥਿਕ ਹਾਲਤ ਸੁਧਾਰਨਾ ਅਤੇ ਅਗਲੀ ਪੀੜ੍ਹੀ ਲਈ ਬਿਹਤਰ ਜੀਵਨ ਯਕੀਨੀ ਬਣਾਉਣਾ ਹੁਣ ਪਹਿਲਾਂ ਨਾਲੋਂ ਕਾਫ਼ੀ ਔਖਾ ਹੋ ਗਿਆ ਹੈ।

ਸਰਵੇ ਵਿਚ ਇਹ ਵੀ ਸਾਹਮਣੇ ਆਇਆ ਕਿ ਅਮਰੀਕਾ ਦੀ ਲੋਕਤੰਤਰੀ ਪ੍ਰਣਾਲੀ ਨੂੰ ਲੈ ਕੇ ਵੀ ਲੋਕਾਂ ਵਿਚ ਚਿੰਤਾ ਵੱਧ ਰਹੀ ਹੈ। ਖ਼ਾਸ ਤੌਰ 'ਤੇ ਨੌਜਵਾਨਾਂ ਵਿਚ ਲੋਕਤੰਤਰ ਅਤੇ ਰਾਜਨੀਤਿਕ ਸੰਸਥਾਵਾਂ ਪ੍ਰਤੀ ਵਿਸ਼ਵਾਸ ਪਹਿਲਾਂ ਨਾਲੋਂ ਘੱਟ ਨਜ਼ਰ ਆ ਰਿਹਾ ਹੈ। ਰਾਜਨੀਤਿਕ ਪੱਧਰ 'ਤੇ ਵੀ ਵੱਡਾ ਫ਼ਰਕ ਦੇਖਣ ਨੂੰ ਮਿਲਿਆ। ਰਿਪਬਲਿਕਨ ਸਮਰਥਕਾਂ ਵਿਚ ਅਮਰੀਕਾ ਨੂੰ ਵਿਸ਼ੇਸ਼ ਅਤੇ ਦੁਨੀਆਂ ਦਾ ਸਭ ਤੋਂ ਵਧੀਆ ਦੇਸ਼ ਮੰਨਣ ਵਾਲਿਆਂ ਦੀ ਗਿਣਤੀ ਡੈਮੋਕ੍ਰੈਟ ਅਤੇ ਆਜ਼ਾਦ ਵੋਟਰਾਂ ਨਾਲੋਂ ਵੱਧ ਹੈ। ਇਸੇ ਤਰ੍ਹਾਂ ਰਿਪਬਲਿਕਨ ਵੋਟਰ "ਅਮਰੀਕਨ ਡਰੀਮ" ਦੇ ਜਿਊਂਦਾ ਹੋਣ 'ਤੇ ਵੀ ਵੱਧ ਭਰੋਸਾ ਜਤਾਉਂਦੇ ਹਨ।

ਸਰਵੇ ਨੇ ਇਹ ਵੀ ਦਰਸਾਇਆ ਕਿ ਵਿਭਿੰਨਤਾ, ਇਮੀਗ੍ਰੇਸ਼ਨ ਅਤੇ ਵੱਖ-ਵੱਖ ਸੱਭਿਆਚਾਰਾਂ ਦੇ ਮਿਲਾਪ ਨੂੰ ਲੈ ਕੇ ਅਮਰੀਕੀ ਸਮਾਜ ਵਿਚ ਮਤਭੇਦ ਮੌਜੂਦ ਹਨ। ਕੁਝ ਲੋਕ ਇਸਨੂੰ ਦੇਸ਼ ਦੀ ਤਾਕਤ ਮੰਨਦੇ ਹਨ, ਜਦਕਿ ਕੁਝ ਇਸਨੂੰ ਚੁਣੌਤੀ ਵਜੋਂ ਦੇਖਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਨਤੀਜੇ ਉਸ ਸਮੇਂ ਸਾਹਮਣੇ ਆਏ ਹਨ, ਜਦੋਂ ਅਮਰੀਕਾ ਆਪਣੇ 250ਵੇਂ ਆਜ਼ਾਦੀ ਸਮਾਰੋਹ ਦੀਆਂ ਤਿਆਰੀਆਂ ਕਰ ਰਿਹਾ ਹੈ। ਸਰਵੇ ਇਹ ਦਰਸਾਉਂਦਾ ਹੈ ਕਿ ਦੇਸ਼ ਦੇ ਇਤਿਹਾਸ 'ਤੇ ਮਾਣ ਦੇ ਨਾਲ-ਨਾਲ ਲੋਕਾਂ ਵਿਚ ਭਵਿੱਖ ਨੂੰ ਲੈ ਕੇ ਅਨਿਸ਼ਚਿਤਤਾ ਅਤੇ ਚਿੰਤਾ ਵੀ ਵੱਧ ਰਹੀ ਹੈ। ਇਸ ਸਰਵੇਖਣ ਨੇ ਇੱਕ ਮਹੱਤਵਪੂਰਨ ਸਵਾਲ ਖੜ੍ਹਾ ਕੀਤਾ ਹੈ ਕਿ ਕੀ ਅਮਰੀਕੀ ਲੋਕ ਅਜੇ ਵੀ ਆਪਣੇ ਦੇਸ਼ ਨੂੰ ਬੇਮਿਸਾਲ ਮੰਨਦੇ ਹਨ ਜਾਂ ਫਿਰ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਚੁਣੌਤੀਆਂ ਨੇ ਉਨ੍ਹਾਂ ਦੀ ਸੋਚ ਨੂੰ ਬਦਲਣਾ ਸ਼ੁਰੂ ਕਰ ਦਿੱਤਾ ਹੈ।


ੴ
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ
GURDWARA SAHIB
SIKH TEMPLE
ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਵਰਸ਼ ਮੇਲੇ
ਗੁਰਦੁਆਰਾ ਸਾਹਿਬ ਮੁਡਿਸਟੋ ਸੀਰਜ਼ ਵਿਖੇ
ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ
ਅਤੇ ਸ਼ਹੀਦ ਬਾਬਾ ਨਿਹਾਲ ਸਿੰਘ ਜੀ - ਸ਼ਹੀਦ ਬਾਬਾ ਹਰਨਾਮ ਸਿੰਘ ਜੀ ਤੱਲਣ ਸਾਹਿਬ ਜਲੰਧਰ ਦੀ ਯਾਦ ਵਿੱਚ ਸ਼ਹੀਦੀ ਦਿਵਸ
ਗੁਰਦੁਆਰਾ ਸਾਹਿਬ ਮੁਡਿਸਟੋ-ਸੀਰਜ ਵਿਖੇ ਤੱਲਣ ਦੀ ਸੰਗਤ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਦੋ ਸ੍ਰੀ ਅਖੰਡ ਪਾਠ ਸਾਹਿਬ ਬੜੀ ਹੀ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ।
ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ
( 19 ਜੂਨ, 2026 ਸਵੇਰੇ 10:00 ਵਜੇ )
ਅਖੰਡ ਪਾਠ ਸਾਹਿਬ ਦੇ ਭੋਗ
( 21 ਜੂਨ, 2026 ਸਵੇਰੇ 10:00 ਵਜੇ )
ਕਥਾ ਅਤੇ ਕੀਰਤਨ ਸਮਾਗਮ
17 ਜੂਨ ਤੋਂ 20 ਜੂਨ, 2026 ਤੱਕ
ਸ਼ਾਮ 6:30 ਤੋਂ 8:30 ਵਜੇ ਤੱਕ ਹੋਏਗਾ
ਭਾਈ ਪ੍ਰਿਥੀਪਾਲ ਸਿੰਘ ਜੀ ਅਤੇ ਸਾਥੀ
ਮੁਡਿਸਟੋ-ਸੀਰਜ ਗੁਰਦਵਾਰਾ ਸਾਹਿਬ ਦੇ ਹਜ਼ੂਰੀ ਰਾਗੀ
(ਕਥਾ ਵਾਚਕ)
ਗਿਆਨੀ ਹਰਬੰਸ ਸਿੰਘ ਮੁਡਿਸਟੋ-ਸੀਰਜ
( ਕਵੀਸ਼ਰੀ ਜੱਥਾ )
ਸਰਬਜੀਤ ਸਿੰਘ ਸਾਜਨ ਅਤੇ ਸਾਥੀ
ਪੰਜ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਤੇ ਇਲਾਕਾ ਨਿਵਾਸੀਆਂ ਨੂੰ ਤੱਲਣ ਵਾਲੀ ਸੰਗਤ ਵੱਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਤੇ ਸਿੰਘਾਂ ਸ਼ਹੀਦਾਂ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਵਧੇਰੇ ਜਾਣਕਾਰੀ ਲਈ ਕਾਲ ਕਰੋ ---
ਪਰਮਜੀਤ ਸਿੰਘ : (209) 702 4649 | ਜਰਨੈਲ ਸਿੰਘ : (209) 872 3070 | ਅਸ਼ੋਕ ਵਰਮਾ : (209) 681 5171
ADDRESS: 5743 E Hatch Rd, Hughson, Ca 95326

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM

POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# ਜਦੋਂ ਹਾਕਮਾਂ ਤੋਂ ਖਤਰਾ ਵਧੇ ਸਮਾਜ ਅੰਦਰ ਬੇਟੀਆਂ ਕਿਵੇਂ ਸੁਰੱਖਿਅਤ?



ਸਾਂਝੀ ਸੋਚ
ਰਾਜਿੰਦਰ ਕੌਰ ਚੋਹਕਾ
ਕੈਲੇਗਰੀ (ਕੈਨੇਡਾ)
91-98725-44738
001-40385-4208
chohkarajinder@gmail.com

ਔਰਤਾਂ ਪ੍ਰਤੀ ਵੱਧ ਰਹੇ ਅਪਰਾਧਿਕ ਮਾਮਲਿਆਂ ਵਿਚ ਵਾਧਾ ਹੋਣਾ ਅਸਲੀਅਤ ਵਿਚ ਕਾਨੂੰਨਾਂ ਵਿੱਚ ਸੁਧਾਰ ਨਾ ਹੋਣਾ 'ਤੇ ਹਾਕਮਾਂ ਦੀ ਬੇ-ਦਿੱਲੀ ਦਾ ਵੀ ਇਕ ਕਾਰਨ ਹੈ ! ਦੇਸ਼ ਲਈ ਔਰਤਾਂ ਦੀ ਸੁਰੱਖਿਆ ਦਾ ਇਹ ਇਕ ਵੱਡਾ ਮੁੱਦਾ ਹੈ। ਅੱਜ ਦੇਸ਼ ਭਰ ਵਿੱਚ ਔਰਤਾਂ ਪ੍ਰਤੀ ਵੱਧ ਰਹੀਆਂ ਅਪਰਾਧਿਕ ਘਟਨਾਵਾਂ ਘੱਟਣ ਦੀ ਥਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਇਹ ਇਕ ਗੰਭੀਰ ਸਮੱਸਿਆ ਹੈ ਅਤੇ ਸਰਕਾਰ ਲਈ ਇਕ ਚਨੌਤੀ ਵੀ ਹੈ। ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਦਾ ਮੁੱਦਾ ਸਿਰਫ ਕਰਾਈਮ (ਜੁਲਮ) ਦਾ ਮੁੱਦਾ ਹੀ ਨਹੀਂ ਰਹਿ ਗਿਆ ਹੈ ਸਗੋਂ 'ਤੇ ਦੇਸ਼ ਦੀ ਨਿਆਪਾਲਿਕਾ, ਪੁਲੀਸ ਤੰਤਰ, ਰਾਜਨੀਤਕ-ਇਛਾ ਸ਼ਕਤੀ ਘੱਟ ਹੋਂਦ ਅਤੇ ਔਰਤਾਂ ਪ੍ਰਤੀ ਲੋਕਾਂ ਦੀ ਸਮਾਜਿਕ ਮਾਨਸਿਕਤਾ ਨਾਲ ਵੀ ਜੁੜਿਆ ਇਕ ਵੱਡਾ ਸਵਾਲ ਬਣ ਚੁੱਕਿਆ ਹੈ ? ਭਾਵੇਂ ! ਇਨ੍ਹਾਂ ਨੂੰ ਰੋਕਣ ਲਈ ਦੇਸ਼ ਭਰ ਵਿਚ ਰੋਸ ਮੁਜ਼ਾਹਰੇ, ਸੋਸ਼ਲ ਮੀਡੀਆ 'ਤੇ ਬਹਿਸਾਂ ਵੀ ਹੁੰਦੀਆਂ ਹਨ। ਸਰਕਾਰਾਂ ਅਪਰਾਧੀਆਂ ਉੱਪਰ ਕਾਰਵਾਈ ਕਰਨ ਦਾ ਭਰੋਸਾ ਵੀ ਦਿੰਦੀਆਂ ਹਨ, ਅਦਾਲਤਾਂ ਵੀ ਸੱਖਤ ਟਿੱਪਣੀਆਂ ਕਰਦੀਆਂ ਹਨ। ਪਰ ਦੇਸ਼ ਭਰ ਵਿੱਚ ਹਰ ਮੰਚ 'ਤੇ ਇਹ ਸਵਾਲ ਉਭਰਦਾ ਹੈ ਕਿ, ''ਕੀ ਭਾਰਤ ਵਿੱਚ ਔਰਤਾਂ ਸੁਰੱਖਿਅਤ ਹਨ ?

ਜਦੋਂ ਕਦੀ ਵੀ ਔਰਤ ਜਾਂ ਲੜਕੀ ਨਾਲ ਜਿਸਮਾਨੀ ਛੇੜ-ਛਾੜ ਜਾਂ ਦਾਜ ਦਹੇਜ ਹਥੋਂ ਤੰਗ ਕਰਕੇ ਮਾਰ ਦਿੱਤਾ ਜਾਂਦਾ ਹੈ, ਤਾਂ ਦੇਸ਼ ਭਰ ਵਿੱਚ ਪ੍ਰੀਵਾਰਾਂ ਅਤੇ ਲੋਕਾਂ ਵਿੱਚ ਰੋਹ ਫੈਲਦਾ ਹੈ। ਲੋਕ ਸਵਾਲ ਕਰਦੇ ਹਨ, ਕਿ ਔਰਤਾਂ ਨਾਲ ਇਹੋ ਜਿਹੀਆਂ ਵਾਪਰ ਰਹੀਆਂ ਘਟਨਾਵਾਂ ਕਦੋਂ ਬੰਦ ਹੋਣਗੀਆਂ ? ਅਫ਼ਸੋਸ ਹੈ ! ਕਿ ਦੇਸ਼ ਦੀ ਅਜ਼ਾਦੀ ਦੇ 77 ਸਾਲਾਂ ਬਾਦ ਵੀ ਭਾਰਤ ਵਿੱਚ ਔਰਤਾਂ ਕਿਸੇ ਥਾਂ 'ਤੇ ਵੀ ਸੁਰੱਖਿਅਤ ਨਹੀ ਹਨ। ਚਾਹੇ ਭੁਪਾਲ ਦੀ ਤਵਿਸ਼ਾ ਸ਼ਰਮਾ ਹੋਵੇ, ਦੀਪਕਾ ਨਾਗਰ ਹੋਵੇ, ਕੰਚਨਾ ਹੋਵੇ ਜਾਂ ਦਿੱਲੀ ਦੀ ਬੱਸ ਵਿੱਚ, ਇਹੋ ਜਿਹੇ ਦਰਿੰਦਿਆਂ ਵਲੋਂ ਔਰਤ ਦੀ ਇੱਜ਼ਤ ਲੁੱਟੀ ਜਾਵੇ ਜਾਂ ਮਾਰੀ ਜਾਵੇ ! ਜਿਥੇ ਬੀ.ਜੇ.ਪੀ. ਪਾਰਟੀ ਦੀ ਸਰਕਾਰ ਤੇ ਕਾਬਜ਼ ਇਕ ਔਰਤ ਹੀ ਮੁੱਢ-ਮੰਤਰੀ ਹੋਵੇ, ਤਾਂ ਕੀ ਫਿਰ ਇਸ ਦੇਸ਼ ਵਿਚ ਔਰਤਾਂ ਸੁਰੱਖਿਅਤ ਰਹਿ ਸਕਦੀਆਂ ਹਨ ? ਭੁਪਾਲ ਦੇਸ਼ ਵਿਚ ਭਾਵੇਂ ! ਸੁਪਰੀਮ ਕੋਰਟ ਵਲੋਂ ਆਪ ''ਸੋ-ਮੋਟੋ ਲੈਂਦੇ ਹੋਏ ਸੰਸਥਾਗਤ ਪੂਰਵਗ੍ਰਹਿ ਅਤੇ ਪ੍ਰਕਿਆਤਮਕ ਗੜਬੜੀਆਂ ਜਿਹੀਆਂ ਗੰਭੀਰ ਟਿੱਪਣੀਆਂ ਕੀਤੀਆਂ ਗਈਆਂ ਹਨ। ਅਦਾਲਤ ਨੂੰ ਪਤਾ ਲੱਗ ਗਿਆ ਕਿ ਲੜਕੇ ਦੇ ਪ੍ਰੀਵਾਰਕ ਮੈਂਬਰ ਆਪ ਅਦਾਲਤ ਵਿੱਚ ਆਪਣਾ ਅਸਰ ਰਸੂਖ ਰੱਖਦੇ ਹੋਣ ਕਰਕੇ ਕੁਝ ਬਣੇ ਕਾਨੂੰਨਾਂ ਵਿਚ ਕੁਝ ਗੜਬੜੀਆਂ ਕਰ ਰਹੇ ਹਨ। ਇਹ ਪਹਿਲੀ ਵਾਰ ਨਹੀਂ ਹੋਇਆ ਹੈ, ਕਿ ਅਦਾਲਤ ਨੂੰ ਆਪ ਦੱਖਲ ਦੇਣਾ ਪਿਆ ਹੈ। ਪਰ ! ਪਿਛਲੇ ਡੇਢ ਦਹਾਕਿਆਂ ਵਿਚ ਵੀ ਇਹੋ ਜਿਹੇ ਔਰਤਾਂ ਦੇ ਖਿਲਾਫ ਅਪਰਾਧ ਸਿਰਫ਼ ਅਪਰਾਧ ਨਹੀਂ ਹਨ, ਬਲਕਿ ਦੇਸ਼ ਦੀ ਕਾਨੂੰਨੀ ਵਿਵੱਸਥਾ 'ਤੇ ਵੀ ਇਕ ਗਹਿਰਾ ਧੱਬਾ ਹਨ।

''ਸੋ-ਮੋਟੋ ਉਸ ਸਮੇਂ ਅਦਾਲਤ ਵਲੋਂ ਲਿਆ ਜਾਂਦਾ ਹੈ, ਜਾਂ ਸ਼ੁਰੂ ਕੀਤਾ ਜਾਂਦਾ ਹੈ, ਜਦੋਂ ਅਦਾਲਤ ਬਿਨਾਂ ਕਿਸੇ ਜਾਚਿਕਾ ਦੇ ਖੁੱਦ ਕਿਸੇ ਮਾਮਲੇ ਦੀ ਗੰਭੀਰਤਾ ਦੇਖ ਕੇ ਕੇਸ ਦੀ ਸੁਣਵਾਈ ਕਰਦੀ ਹੈ। ਸੁਪਰੀਮ ਕੋਰਟ ''ਸੋ-ਮੋਟੋ ਉਸ ਸਮੇਂ ਲਿਆਉਂਦੀ ਹੈ, ਜਦੋਂ ਕੋਈ ਮਾਮਲਾ ਮੌਲਿਕ ਅਧਿਕਾਰਾਂ ਨਾਲ ਜੁੜਿਆ ਹੋਵੇ, ਨਿਆਂ ਪ੍ਰਣਾਲੀ ਤੇ ਸ਼ੱਕ ਹੋਵੇ ਅਤੇ ਪ੍ਰਸ਼ਾਸ਼ਨਿਕ ਵਿੱਚ ਕੋਈ ਹੇਰਾ ਫੇਰੀ ਕਰੇ, ਜਾਂ ਢਿੱਲ ਦਿਖਾਵੇ, ਜਾਂ ਫਿਰ ਮਾਮਲਾ ਕੌਮੀ ਪੱਧਰ 'ਤੇ ਚਲਾ ਜਾਵੇ, ਤਾਂ ! ਫਿਰ ਅਦਾਲਤ ਉਸ ਸਮੇਂ ਆਪਣੀ ਦਖਲ-ਅੰਦਾਜ਼ੀ ਦਿੰਦੀ ਹੇ, ਤਾਂ ਜੋ ਨਿਆਂ ਵਿਵਸਥਾ 'ਤੇ ਕੋਈ ਆਂਚ ਨਾ ਆਵੇ। ਸਾਡੇ ਲਈ ਇਕ ਚਿੰਤਾ ਕਰਨ ਅਤੇ ਦੇਖਣ ਦੀ ਲੋੜ ਹੈ ਕਿ ਦੇਸ਼ ਵਿੱਚ ਵਾਰ-ਵਾਰ ਇਹੋ ਜਿਹੀਆਂ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ ? ਕੀ ਦੇਸ਼ ਦੀਆਂ ਜਾਂਚ ਏਜੰਸੀਆਂ ਜਾਂ ਪ੍ਰਸ਼ਾਸ਼ਨਿਕ ਵਿਵਸਥਾ 'ਤੇ ਲੋਕਾਂ ਦਾ ਭਰੋਸਾ ਉੱਠ ਰਿਹਾ ਹੈ ?

ਸਾਨੂੰ ਭੁੱਲਣਾ ਨਹੀਂ ਚਾਹੀਦਾ ਹੈ, ਕਿ 2012 ਵਿੱਚ ਭਾਰਤ ਦੇ ਇਤਿਹਾਸ ਵਿਚ ਇਕ ਦਰਦਮਈ ਘਟਨਾ ਦਿੱਲੀ ਵਿੱਚ ਵਾਪਰੀ ਸੀ। ਇਕ ਪੈਰਾ-ਮੈਡੀਕਲ ਦੀ ਵਿਦਿਆਰਥਣ ਦੇ ਨਾਲ 'ਦਿਲੀ ਬੱਸੱ ਵਿੱਚ ਛੇ ਦਰਿੰਦਿਆਂ ਨੇ ਉਸਦੇ ਦੋਸਤ ਦੇ ਸਾਹਮਣੇ ਬਹੁਤ ਹੀ ਬਰਬਰਤਾ ਨਾਲ ਉਸਦੀ ਇੱਜ਼ਤ ਹੀ ਨਹੀਂ ਲੁੱਟੀ ਸੀ ਸਗੋਂ ਤੇ ਤਸੀਹੇ ਵੀ ਦਿੱਤੇ ਸੀ। ਦੇਸ਼ ਭਰ ਵਿੱਚ ਬਹੁਤ ਵੱਡਾ ਰੋਹ ਫੈਲਿਆ। ਦੇਸ਼ ਭਰ ਵਿੱਚ ਥਾਂ-ਥਾਂ ਮੁਜ਼ਾਹਰੇ ਵੀ ਹੋਏ ਸਨ। ਇਹੋ ਜਿਹੀ ਹੀ ਇਕ ਹੋਰ ਘਟਨਾ ਹੁਣੇ-ਹੁਣੇ ''ਦਿੱਲੀ-ਬੱਸੱ ਵਿੱਚ ਹੋਈ, ਜਿਥੇ ਇਕ ਔਰਤ ਦੇ ਨਾਲ ਦਰਿੰਦਿਆਂ ਵਲੋਂ ਉਸ ਦੀ ਇੱਜ਼ਤ ਲੁੱਟੀ ਗਈ। ਜਦ ਕਿ ਦਿੱਲੀ ਵਿੱਚ ਬੀ.ਜੇ.ਪੀ. ਦੀ ਸਰਕਾਰ ਤੇ ਮੁੱਖ ਮੰਤਰੀ -ਉਹ ਵੀ ਇੱਕ ਔਰਤ ਹੈ। ਜੇਕਰ ਦੇਸ਼ ਦੀ ਰਾਜਧਾਨੀ ਵਿੱਚ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ! ਬਾਕੀ ਦੇਸ਼ ਦਾ ਕੀ ਹਾਲ ਹੋਵੇਗਾ ? ਭਾਵੇਂ ! ਪਿਛਲੇ ਸਮੇਂ ਵਿੱਚ ਵੀ ਔਰਤਾਂ ਨਾਲ ਹੋ ਰਹੇ ਅਪਰਾਧਿਕ ਮਾਮਲਿਆਂ ਬਾਰੇ ਸਖ਼ਤ ਕਾਨੂੰਨ ਬਣਾਏ ਗਏ ਹਨ, ਪਰ ! ਕੇਂਦਰ ਦੀ ਭੰਗਓਂ ਸਰਕਾਰ 'ਤੇ ਰਾਜਾਂ ਵਿੱਚ 'ਨਿਆਂ ਕਾਨੂੰਨੱ ਦਾ ਪ੍ਰਣਾਲਾਂ ਉੱਥੇ ਦਾ ਉੱਥੇ ਹੀ ਹੈ। ਜੇਕਰ ਦੇਖਿਆ ਜਾਵੇ ਤਾਂ ਹੁਣ ਕਾਂਗਰਸ ਦੇ ਰਾਜ ਸਮੇਂ ਤੋਂ ਵੀ ਵੱਧ ਔਰਤਾਂ ਪ੍ਰਤੀ ਅਪਰਾਧਿਕ ਮਾਮਲਿਆਂ ਵਿੱਚ ਵਾਧਾ ਹੋਇਆ ਹੈ ਅਤੇ ਵਾਧਾ ਹੋ ਰਿਹਾ ਹੈ ! ਦੋਸ਼ੀ ਉਹ ਵੀ ਜੋ ਰਾਜ ਸਤਾ 'ਤੇ ਬੈਠੇ ਵਿਧਾਇਕ 'ਤੇ ਸੰਸਦ ਮੈਂਬਰ ਹਨ, ਜੋ ਹਾਕਮ ਪਾਰਟੀ ਨਾਲ ਸਬੰਧ ਰੱਖਦੇ ਹਨ ਅਤੇ ਆਪ ਹੀ ਦੋਸ਼ੀ ਹਨ।

ਸਾਨੂੰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ 2018 ਵਿੱਚ ਜੰਮੂ-ਕਸ਼ਮੀਰ ਦੇ ਕਠੂਆ ਵਿੱਚ ਇਕ 8 ਸਾਲ ਦੀ ਬੱਚੀ ਨਾਲ ਰੇਪ ਕਰਕੇ ਉਸ ਨੂੰ ਮਾਰ ਦਿੱਤਾ ਗਿਆ ਸੀ। ਉਸ ਸਮੇਂ ਦੋਸ਼ੀਆਂ ਦੇ ਹੱਕ ਵਿੱਚ ਰੈਲੀਆਂ ਕੀਤੀਆਂ ਗਈਆਂ, ਵਕੀਲਾਂ ਵਲੋਂ ਚਾਰਜਸ਼ੀਟ ਦਾਖਲ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਤਾ ਲੱਗਦਾ ਹੈ ਕਿ ਦੇਸ਼ ਭਰ ਵਿੱਚ ਨਿਆਂ-ਕਾਨੂੰਨ ਦੀ ਵਿਵੱਸਥਾ ਕਿਹੋ ਜਿਹੀ ਹੈ ? ਇਹ ਸਿਰਫ਼ ਇਕ ਅਪਰਾਧ ਹੀ ਨਹੀਂ ਸੀ, ਸਗੋਂ 'ਤੇ ਔਰਤਾਂ ਦੇ ਖਿਲਾਫ ਅਪਰਾਧ, 'ਉਹ ਵੀ ਦੇਸ਼ ਦੀ ਸਤਾ 'ਤੇ ਬੈਠੇ ਹਾਕਮਾਂ ਵਲੋਂ ''ਧਰਮ 'ਤੇ ਰਾਜਨੀਤੀਂ ਦੀ ਸ਼ਹਿ 'ਤੇ ਹੀ ਹੋ ਰਹੇ ਹਨ ? ਇਸ ਕੇਸ ਵਿੱਚ ਕੌਮੀ ਰਾਜਨੀਤਕ ਦਬਾਅ ਵੱਧਣ ਨਾਲ ਕੇਸ ਨੂੰ ਸੁਪਰੀਮ ਕੋਰਟ ਨੇ ਪੰਜਾਬ ਭੇਜ ਦਿੱਤਾ ਸੀ। ਹੁਣ ਸਾਡੇ ਸਾਹਮਣੇ ਇਕ ਵੱਡਾ ਸਵਾਲ ਹੈ, ਕਿ, 'ਕੀ ਪੀੜਤਾ ਨੂੰ ਨਿਆਂ ਦਿਵਾਉਣ ਲਈ ਅਦਾਲਤ ਨੂੰ ਰਾਜਸੀ ਵਿਵੱਸਥਾ ਤੋਂ ਵੀ ਉੱਪਰ ਆਉਣਾ ਪਏਗਾ ?

ਉਨਾਵ ਕੇਸ ਵਿੱਚ ਵੀ ਬੀ.ਜੇ.ਪੀ. ਦੇ ਇਕ ਵਿਧਾਇਕ ਨੇ ਹੀ ਇਕ ਲੜਕੀ ਨਾਲ ਰੇਪ ਕੀਤਾ। ਜਦੋਂ ਸ਼ਿਕਾਇਤ ਕੀਤੀ ਗਈ ਤਾਂ ਲੜਕੀ ਦੇ ਪਿਤਾ ਦਾ ਅਣ-ਕਿਆਸੇ ਇਕ ਐਕਸੀਡੈਂਟ 'ਚ ਮੌਤ ਹੋ ਗਈ। ਬਦ ਵਿਚ ਪੀੜਤ ਲੜਕੀ ਦਾ ਸੜਕੀ ਹਾਦਸਾ ਕੀਤਾ ਗਿਆ 'ਤੇ ਬਾਕੀ ਦੇ ਰਿਸ਼ਤੇਦਾਰ ਮਰ ਗਏ। ਦੇਸ਼ ਵਿੱਚ ਉਸ ਸਮੇਂ ਵੀ ਹਾਹਾਕਾਰ ਮੱਚ ਗਈ ਕਿ, 'ਕਿ ਹੁਣ ਨਿਆਂ ਭਾਰਤ ਦੇ ਤਾਕਤਵਰ ਸਤਾ ਹਥਿਆਉਣ ਵਾਲਿਆਂ ਦੇ ਹੱਥਾਂ ਵਿੱਚ ਆ ਗਈ ਹੈ ? ਇਹ ਕੇਸ ਵੀ ਸੁਪਰੀਮ ਕੋਰਟ ਨੂੰ ਦਿੱਲੀ ਟਰਾਂਸਫਰ ਕਰਨਾ ਪਿਆ ਸੀ। ਇਸੇ ਤਰ੍ਹਾਂ ਹੀ 2020 ਵਿੱਚ ''ਹਾਥਰਸ ਗੈਂਗ ਰੇਪੱ ਸਿਰਫ਼ ਅਪਰਾਧ ਹੀ ਨਹੀ ਸੀ, ਸਗੋਂ 'ਤੇ ਪ੍ਰਸ਼ਾਸਨ ਵੀ ਗੈਂਗਰੇਪ ਕਰਨ ਵਾਲਿਆਂ ਦੇ ਹੱਕ ਵਿੱਚ ਆ ਗਿਆ। ਪੀੜਤ ਲੜਕੀ ਨੂੰ ਰੇਪ ਕਰਨ ਤੋਂ ਬਾਦ ਮਾਰ ਦਿੱਤਾ ਗਿਆ ਅਤੇ ਪੀੜਤ ਲੜਕੀ ਦੇ ਮਾਤਾ, ਪਿਤਾ, ਰਿਸ਼ਤੇਦਾਰਾਂ ਦੀ ਗੈਰ ਹਾਜ਼ਰੀ ਤੋਂ ਬਿਨ੍ਹਾਂ ਅੱਧੀ ਰਾਤ ਨੂੰ ਲੜਕੀ ਦਾ ਦੋਸ਼ੀਆਂ ਵਲੋਂ ਸੰਸਕਾਰ ਕਰ ਦਿੱਤਾ ਗਿਆ। ਦੇਸ਼ ਭਰ ਵਿੱਚ ਮੁਜ਼ਾਹਰੇ ਹੋਏ, ਕਿ ਪੁਲੀਸ ਨੂੰ ਐਨੀ ਕੀ ਜਲਦੀ ਸੀ ਲੜਕੀ ਦਾ ਸੰਸਾਰ ਕਰਨ ਦੀ ? ਪ੍ਰੀਵਾਰ ਨੂੰ ਲੜਕੀ ਦੇ ਸੰਸਕਾਰ 'ਤੇ ਕਿਉਂ ਰੋਕਿਆ ਗਿਆ। ਦੋਸ਼ੀਆਂ ਵਲੋਂ ਰੇਪ ਕਰਨ ਦੇ ਸਾਰੇ ਸਬੂਤ ਮਿਟਾ ਦਿੱਤੇ ਗਏ। ਇਥੋਂ ਪਤਾ ਲੱਗਦਾ ਹੈ ਕਿ ਦੇਸ਼ ਵਿੱਚ ਔਰਤਾਂ 'ਤੇ ਆਮ ਲੋਕਾਂ ਦੀ ਸਰਕਾਰਾਂ ਅਤੇ ਪ੍ਰਸ਼ਾਸ਼ਨ ਵਲੋਂ ਕੋਈ ਵੀ ਹਿਫ਼ਾਜ਼ਤ ਨਹੀਂ ਹੋ ਰਹੀ ਹੈ।

ਇਸੇ ਤਰ੍ਹਾਂ ਹੀ ਹੈਦਰਾਬਾਦ ਵਿੱਚ ਵੀ 2019 ਨੂੰ ਇਕ ਇਹੋ ਜਿਹੀ ਦਰਦ ਭਰੀ ਘਟਨਾਂ ਇਕ ਡਾਕਟਰ ਔਰਤ ਨਾਲ ਵਾਪਰੀ ਸੀ। ਇਕ ਔਰਤ ਡਾਕਟਰ ਜਦੋਂ ਕੰਮ ਤੋਂ ਘਰ ਜਾ ਰਹੀ ਸੀ ਤਾਂ ਚਾਰ ਮਰਦਾਂ ਨੇ ਉਸ ਦੀ ਅਸਮਤ ਲੁਟੀ ਅਤੇ ਬਾਦ ਵਿੱਚ ਮਾਰ ਦਿੱਤਾ ਗਿਆ। ਲੋਕਾਂ ਵਿਚ ਉਸ ਸਮੇਂ ਵੀ ਰੋਹ ਆਇਆ ਕਿ ਪੁਲੀਸ (ਸਰਕਾਰ) ਦੋਸ਼ੀਆਂ ਨੂੰ ਕਿਉਂ ਨਹੀਂ ਫੜ ਰਹੀ? ਥੋੜੇ ਦਿਨਾਂ ਬਾਦ ਅਖਵਾਰਾਂ ਵਿਚ ਛੱਪ ਗਿਆ ਕਿ ਪੁਲੀਸ ਨੇ ਚੌਹਾਂ ਦਾ ਹੀ ਮੁਕਾਬਲਾ ਕਰਕੇ ਮਾਰ ਦਿੱਤਾ। ''ਬਿਲਕਸ ਬਾਨੋ ਕੇਸ ਵਿਚ ਵੀ ਗੁਜਰਾਤ ਦੇ ਦੰਗਿਆਂ ਦੌਰਾਨ ਗੈਂਗਰੇਪ ਪੀੜਤਾਂ ਦੇ ਦੋਸ਼ੀਆਂ ਦੀ ਸਜ਼ਾ ਵਿੱਚ ਹੀ ਜਮਾਨਤਾ ਤੇ ਛੱਡ ਦਿੱਤਾ ਗਿਆ ਸੀ। ਦੇਸ਼ ਭਰ ਵਿੱਚ ਪੀੜਤਾ ਦੇ ਹੱਕ ਵਿੱਚ ਅਤੇ ਸਰਕਾਰ ਰਾਜਤੰਤਰ ਦੇ ਵਿਰੁੱਧ ਵੱਡੀਆਂ-ਵੱਡੀਆਂ ਰੈਲੀਆਂ ਤੇ ਮੁਜ਼ਾਹਰੇ ਹੋਏ। ਲੋਕ ਦਬਾਓ ਅਧੀਨ ਦੋਸ਼ੀਆਂ ਨੂੰ ਮੁੜ ਜੇਲ੍ਹ ਭੇਜਣਾ ਪਿਆ। ਕਿਉਂਕਿ ਇਹ ਸਭ ਕੁਝ ਰਾਜਨੀਤਕ ਦਬਾਓ ਰਾਂਹੀ ਹੀ ਹੋ ਰਿਹਾ ਹੈ। ਇਸ ਤਰ੍ਹਾਂ ਲੱਗਦਾ ਹੈ, 'ਕਿ ਪੀੜਤ ਔਰਤ ਨਾਲੋਂ ਗੈਂਗਰੇਪ ਦੇ ਅਪਰਾਧੀਆਂ ਨੂੰ ਛੁਡਾਉਣਾ ਸਤਾ 'ਤੇ ਕਾਬਜ਼ ਭੱਗਵਾਂ-ਰਾਜਨੀਤੀ ਇਸ ਨੂੰ ਅਹਿਮ ਸਮਝਦੀ ਹੈ। ਇਹੋ ਜਿਹੀ ਹੀ ਇਕ ਘਟਨਾ ਮਨੀਪੁਰ ਵਿਚ ਵੀ ਵਾਪਰੀ ਜਦੋਂ ਪਤੀ ਦੇ ਸਾਹਮਣੇ ਹੀ ਔਰਤ ਨੂੰ ਨਿਰਵਸਤਰ ਕਰਕੇ ਸ਼ਹਿਰ 'ਚ ਘੁੰਮਾਇਆ ਗਿਆ ਅਤੇ ਵੀਡਿਓ ਬਣਾ ਕੇ ਲੋਕਾਂ ਵਿੱਚ ਨਸ਼ਰ ਕੀਤੀ ਗਈ।

ਉਸ ਸਮੇਂ ਵੀ ਦੇਸ਼ ਦੇ ਲੋਕਾਂ ਵਿੱਚ ਸਰਕਾਰ ਵਿਰੁੱਧ ਰੋਹ ਫੈਲ ਗਿਆ, ਮੁਜ਼ਾਹਰੇ, ਰੈਲੀਆਂ ਕੀਤੀਆ ਗਈਆਂ। ਇਸ ਕੇਸ ਨੂੰ ਦੇਖ ਕੇ ਵੀ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਰਕਾਰ ਦੋਸ਼ੀਆਂ 'ਤੇ ਕੋਈ ਕਾਰਵਾਈ ਨਹੀਂ ਕਰਦੀ ਤਾਂ ਅਸੀਂ ਕੋਈ ਕਦਮ ਚੁੱਕਾਂਗੇ ! ਆਰ.ਜੀ. ਕਰ ਮੈਡੀਕਲ ਕਾਲਿਜ ਦੀ ਡਾਕਟਰ ਦਾ ਵੀ ਰੇਪ ਕਰਨ ਤੋਂ ਬਾਦ ਹੱਤਿਆ ਕਰ ਦਿੱਤੀ ਗਈ। ਇਹ ਸਵਾਲ ਸਿਰਫ਼ ਹਸਪਤਾਲ ਦਾ ਹੀ ਨਹੀਂ ਸੀ, ਲੋਕਾਂ ਤੇ ਡਾਕਟਰਾਂ ਨੇ ਰੋਸ ਮੁਜ਼ਾਹਰੇ ਕੀਤੇ। ਲੋਕ ਇਹ ਸਰਕਾਰ ਤੋਂ ਪੁੱਛ ਰਹੇ ਸਨ ਕਿ ਰਾਤ ਨੂੰ ਡਿਊਟੀ ਕਰਨ ਵਾਲੀਆਂ ਔਰਤਾਂ ਸੁਰੱਖਿਅਤ ਕਿਉਂ ਨਹੀਂ ਹਨ। ਜਦੋਂ ਕਾਮਕਾਜੀ ਔਰਤਾਂ, ਸੜਕਾਂ ਤੇ ਤੁਰੀਆਂ ਜਾਂਦੀਆਂ, ਘਰਾਂ ਵਿੱਚ ਵੀ ਇਹੋ ਜਿਹੀਆਂ ਘਟਨਾਵਾਂ ਦਾ ਸ਼ਿਕਾਰ ਹੋਣ, ਤਾਂ ! ਫਿਰ ਔਰਤ ਕਿੱਥੇ ਸੁਰੱਖਿਅਤ ਹੋਵੇਗੀ। ਇਹ ਸਵਾਲ ਹਰ ਪਾਸੇ ਉਭਰ ਰਿਹਾ ਹੈ।

ਹੁਣੇ ਹੁਣੇ ਹੀ ਦਿੱਲ ਦਹਿਲਾਉਣ ਵਾਲੀ ਰੀਪੋਰਟ ਅਖਬਾਰਾਂ ਦੀਆ ਸੁਰਖੀਆਂ ਦਾ ਇਕ ਵਿਸ਼ਾ ਬਣੀ ਹੋਈ ਹੈ। ਜਿਸ ਵਿੱਚ ਤਵਿਸ਼ਾ ਸ਼ਰਮਾ ਦੀ ਮੌਤ (ਭੁਪਾਲ) ਨੂੰ ਸੁਪਰੀਮ ਕੋਰਟ ਵਲੋਂ 'ਸੋ-ਮੋਟੋ, ਇਸ ਕਰਕੇ ਪਿਆ ਕਿ, ਉਚ-ਅਦਾਲਤ ਨੂੰ ਲੱਗ ਰਿਹਾ ਸੀ ਕਿ ਕੇਸ ਦੀ ਜਾਂਚ ਪੂਰੀ ਤਰ੍ਹਾਂ ਨਿਰਪੱਖ ਰੂਪ ਵਿੱਚ ਨਹੀਂ ਹੋਈ। ਕਿਉਂਕਿ ਪੀੜ੍ਹਤਾ ਨਾਲ ਬਰਾਬਰੀ ਦਾ ਵਿਵਹਾਰ ਨਹੀਂ ਕੀਤਾ ਗਿਆ। ਇਹ ਮਾਮਲਾ ਭਾਰਤ ਦੀ ਉਸ ਵੱਡੀ ਸਮੱਸਿਆ ਵੱਲ ਇਸ਼ਾਰਾ ਕਰਦਾ ਹੈ, 'ਕਿ ਜਿੱਥੇ ਔਰਤਾਂ ਨਾਲ ਜੁੜੇ ਮਾਮਲੇ ਅਕਸਰ ਹੀ ਪ੍ਰੀਵਾਰਕ ਅਦਾਲਤਾਂ ਤੋਂ ਪਹਿਲਾਂ ਹੀ ਸਿਸਟਮ ਤੋਂ ਭਰੋਸਾ ਖੋਹ ਲੈਂਦੇ ਹਨ, ਪਰ ! ਇਨ੍ਹਾਂ ਤੇ ਅਮਲ ਘਟ ਹੀ ਹੋ ਰਿਹਾ ਹੈ। ਸਤ੍ਹਾ 'ਤੇ ਕਾਬਜ਼ ਰਾਜਨੀਤਕ ਲੋਕਾਂ ਦਾ ਪ੍ਰਭਾਵ ਅਪਰਾਧਿਕ ਮਾਮਲਿਆਂ ਨਾਲ ਜੁੜੇ ਲੋਕਾਂ ਪ੍ਰਤੀ ਜ਼ਿਆਦਾ ਹੁੰਦਾ ਹੈ। ਔਰਤਾਂ ਲਈ ਘਰੇਲੂ ਹਿੰਸਾ ਕਾਨੂੰਨ-2006, ਦਹੇਜ ਰੋਕੂ ਕਾਨੂੰਨ-1961 ਸੋਧ, 1981-82, ਅਪਰਾਧਿਕ ਕਾਨੂੰਨ-2013, ਕੰਮ ਕਰਨ ਦੇ ਸਥਾਨ (ਜਗ੍ਹਾ) 'ਤੇ ਉਤਪੀੜਤ ਕਾਨੂੰਨ-2013, ਪਾਸਕੋ ਐਕਟ, ਭਾਵੇਂ ਨਾਬਾਲਗ ਲੜਕੇ, ਲੜਕੀਆਂ, ਬੱਚਿਆਂ ਲਈ-2012 ਬਣਿਆ ਹੋਇਆ ਹੈ। ਪਰ ! ਅਫ਼ਸੋਸ ਹੈ, ਕਿ ਇਹ ਕਾਨੂੰਨ ਬਹੁਤ ਹੀ ਉਕਤਾਉਣ ਵਾਲੇ ਹਨ। ਇਨ੍ਹਾਂ ਕਾਨੂੰਨਾਂ ਤਹਿਸ ਦੋਸ਼ੀਆਂ ਨੂੰ ਸਜ਼ਾ ਹੁੰਦੀ ਹੀ ਨਹੀ ਹੈ। ਸਮਾਜ ਸਕਰਾਰ ਨੂੰ ਵੀ ਪੁੱਛਦਾ ਹੈ ਕਿ, ਕੀ ? ''ਔਰਤਾਂ ਦੀ ਸੁਰੱਖਿਆ ਦਾ ਧਿਆਨ ਸਰਕਾਰ ਨੂੰ ਉਦੋਂ ਹੀ ਆਉਂਦਾ ਹੈ, ਜਦੋਂ ਉਸ ਨਾਲ ਦਿੱਲ ਦਹਿਲਾਉਣ ਵਾਲੀ ਘਟਨਾ ਵਾਪਰਦੀ ਹੈ ?

ਜਿੰਨੀ ਦੇਰ ਪੁਲੀਸ ਵਲੋਂ ਕੇਸ ਦੀ ਜਾਂਚ ਨਿਰਪੱਖ 'ਤੇ ਤੇਜ਼ੀ ਨਾਲ ਨਹੀਂ ਹੁੰਦੀ, ਪੁਲੀਸ ਸੁਧਾਰ, ਲਿੰਗਕ ਸਿੱਖਿਆ, ਸੁਰੱਖਿਆ ਲਈ ਆਵਾ-ਜਾਈ ਲਈ ਗੱਡੀਆਂ ਦਾ ਪ੍ਰਬੰਧ, ਔਰਤ ਜਿੱਥੇ ਕੰਮ ਕਰਦੀ ਹੈ, ਉੱਥੇ ਉਸ ਦੀ ਹਿਫ਼ਾਜਤ ਦਾ ਪੂਰਾ ਪ੍ਰਬੰਧ ਹੋਵੇ ! ਪਰ ! ਅਫ਼ਸੋਸ ਹੈ ਕਿ ਔਰਤਾਂ ਦੀ ਹਿਫ਼ਾਜਤ ਕਿਸੇ ਇਕ ਥਾਂ ਤੱਕ ਹੀ ਸੀਮਤ ਨਹੀਂ ਹੈ, ਸੜਕਾਂ 'ਤੇ ਆਉਣ ਜਾਣ, ਕੰਮ ਦੇ ਸਥਾਨ 'ਤੇ, ਆਫ਼ਿਸ, ਕਾਲਿਸ, ਹਸਪਤਾਲ ਅਤੇ ਇਥੋਂ ਤਕ, ਕਿ ? ਅੱਜ ਉਹ ਘਰ ਵਿੱਚ ਵੀ ਸੁਰੱਖਿਅਤ ਨਹੀਂ ਹਨ। ਨਿਰਭੈਅ ਦੇ ਮਾਮਲੇ ਤੋਂ ਲੈ ਕੇ ਹੁਣ ਤੱਕ (ਬਹੁਤ ਸਾਰੇ ਕੇਸਾਂ ਦਾ ਤਾਂ ਵਰਨਣ ਹੋਇਆ ਹੀ ਨਹੀ ਹੈ) ਦੀਆਂ ਉਪਰੋਕਤ ਘਟਨਾਵਾਂ ਨੇ ਦੇਸ਼ ਦੇ ਲੋਕਾਂ ਨੂੰ ਝੰਜੋੜ ਸੁੱਟਿਆ ਹੈ। ਉਪਰੋਕਤ ਘਟਨਾਵਾਂ ਤੋਂ ਪਤਾ ਲੱਗਦਾ ਹੈ, 'ਕਿ ਔਰਤਾਂ ਦੀ ਸੁਰੱਖਿਆ ਕੇਵਲ ਇਕ ਸਮਾਜਿਕ ਮੁੱਦਾ ਹੀ ਨਹੀਂ ਹੈ, ਸਗੋਂ 'ਤੇ ਦੇਸ਼ ਦੇ ਲੋਕਤੰਤਰ, ਨਿਆਂ 'ਤੇ ਕਾਨੂੰਨ ਦੇ ਵਿਸ਼ਵਾਸ਼ ਨਾਲ ਵੀ ਜੁੜਿਆ ਹੋਇਆ ਹੈ, ਜੋ ਅੱਜ-ਇਕ ਪ੍ਰਸ਼ਨ-ਚਿੰਨ੍ਹ ਵੀ ਬਣ ਗਿਆ ਹੈ ! ਸੁਪਰੀਮ ਕੋਰਟ ਦਾ ਵਾਰ-ਵਾਰ ਕਹਿਣਾ ਇਹ ਸੰਕੇਤ ਦਿੰਦਾ ਹੈ, ਕਿ ਅਦਾਲਤਾਂ ਹੁਣ ਸਿਰਫ਼ ਮਾਮਲਿਆਂ ਤੱਕ ਹੀ ਸੀਮਤ ਨਹੀਂ ਹਨ, ਬਲ ਕਿ ਪੂਰੇ ਸਿਸਟਮ 'ਤੇ ਉੱਠੇ ਸਵਾਲਾਂ ਨੂੰ ਵੀ ਸਮਝ ਰਹੀ ਹੈ ?

''ਕੌਮੀ ਅਪਰਾਧ ਰੀਕਾਰਡ ਬਿਉਰੋ ਦੀ ਰੀਪੋਰਟ 2022-23 ਅਨੁਸਾਰ ਔਸਤਲ ਹਰ ਘੰਟੇ ਔਰਤਾਂ ਨਾਲ 50 ਅਪਰਾਧ ਹੋਏ। ਭਾਵ ! ਹਰ ਰੋਜ਼ 88 ਔਰਤਾਂ ਦੇ ਨਾਲ ਰੇਪ ਕੀਤੇ ਗਏ ! ਹੁਣ ਭਾਜਪਾ ਦੇ ਰਾਜ ਅੰਦਰ ਭਾਰਤ ਦੀਆਂ ਔਰਤਾਂ ਸਭ ਤੋਂ ਵੱਧ ''ਅਸੁਰੱਖਿਅਤੱ ਦੇਸ਼ਾਂ ਵਿਚੋਂ ਇਕ ਹਨ। ਭਾਜਪਾ ''ਵਿਚਾਰਧਾਰਿਕ ਦ੍ਰਿਸ਼ਟੀਕੋਣ ਅਤੇ ਆਪਣੇ ਵਿਵਹਾਰ ਦੋਵਾਂ ਵਿਚ ਔਰਤਾਂ ਦੇ ਅਧਿਕਾਰਾਂ ਦੀ ਸੱਖਤ ਵਿਰੋਧੀ ਹੋਣ ਕਰਕੇ ਅਤੇ ਪਿਤਰ ਸਤਾ ਨੂੰ ਬੜਾਵਾ ਦੇਣ ਵਾਲੀ ਹੀ ਸਾਬਿਤ ਹੋਈ ਹੈ। ਔਰਤਾਂ ਨੂੰ ਸਿੱਖਿਆ, ਰੁਜ਼ਗਾਰ, ਆਰਥਿਕ ਅਜ਼ਾਦੀ ਅਤੇ ਖੁਦਮੁਖਤਿਆਰੀ -ਸੋਚ ਅਤੇ ਨਿਪੁੰਨਤਾ ਤੋਂ ਬਿਨਾਂ, ਉਹ ਅਪਰਾਧਾਂ ਤੋਂ ਮੁਕਤ ਨਹੀਂ ਹੋ ਸਕੇਗੀ ? ਪਰ ! ਇਹ ਮੁਕਤੀ ਸਮਾਜਿਕ ਪ੍ਰੀਵਰਤਨ ਨਾਲ ਹੀ ਹੋ ਸਕਦੀ ਹੈ ! ਕੌਮੀ ਅਪਰਾਧ ਰੀਕਾਰਡ ਬਿਊਰੋ ਦੀ ਹੀ ਇਕ ਹੋਰ ਰੀਪਰੋਟ ਅਨੁਸਾਰ, 'ਦੇਸ਼ ਅੰਦਰ ਇਸਤਰੀ ਦੀ ਅਸਮਤ (ਇੱਜ਼ਤ) 'ਤੇ ਹਮਲੇ, ਹਿੰਸਾ, ਯੌਨ-ਸ਼ੋਸ਼ਣ ਦੀਆਂ ਘਟਨਾਵਾਂ ਅੰਦਰ ਇਨ੍ਹਾਂ ਅੰਕਿਆਂ ਅਨੁਸਾਰ ਪਿਛਲੇ ਇਕ ਦਹਾਕੇ ਤੋਂ ਗਿਣਤੀ ਲਗਾਤਰ ਵੱਧ ਰਹੀ ਹੈ। ਦੇਸ਼ ਅਰਾਜਕਤਾ ਅਤੇ ਸ਼ੋਸ਼ਣ ਵੱਲ ਵੱਧ ਰਿਹਾ ਹੈ, 'ਜਿਸ ਨੂੰ ਦੇਸ਼ ਦੇ ਹਾਕਮ ਸਭਿਅਕ ਸਮਾਜ ਕਹਿ ਰਹੇ ਹਨ।

ਅੱਜ ! ਇਨ੍ਹਾਂ ਅਪਰਾਧਾਂ ਤੋਂ ਮੁਕਤੀ ਦਿਵਾਉਣ ਲਈ ਔਰਤਾਂ ਨੂੰ ਭਾਰਤ ਅੰਦਰ ਜ਼ਰੂਰੀ ਹੈ ਕਿ ਉਹ ਜਮਹੂਰੀ ਲਹਿਰਾਂ ਦਾ ਹਿੱਸਾ ਬਣੇ ! ਤਾਂ ਹੀ ਉਹ ਅਪਰਾਧਾਂ ਵਿਰੁਧ ਸੰਘਰਸ਼ਸ਼ੀਲ ਬਣਕੇ ਹੀ ਆਪਣੀ ਮੁਕਤੀ ਵੱਲ ਵੱਧ ਸਕਦੀਆਂ ਹਨ।

# ਬਾਲਟੀਮੋਰ ਵਿਖੇ ਹਰਭਜਨ ਮਾਨ ਤੇ ਗੁਰਸੇਵਕ ਮਾਨ ਦੀ ਕਲਚਰਲ ਨਾਈਟ ਦੀ ਕਿੱਕ ਆਫ਼ ਪਾਰਟੀ ਧੂਮਧਾਮ ਨਾਲ ਸੰਪੰਨ

ਬਾਲਟੀਮੋਰ
ਸਾਂਝੀ ਸੋਚ ਬਿਊਰੋ

ਪੰਜਾਬੀ ਸੱਭਿਆਚਾਰ ਅਤੇ ਸੰਗੀਤ ਨੂੰ ਸਮਰਪਿਤ ਹੋਣ ਵਾਲੀ ਬਹੁ-ਉਡੀਕੀ ਕਲਚਰਲ ਨਾਈਟ ਤੋਂ ਪਹਿਲਾਂ ਉਸ ਦੀ ਕਿੱਕ ਆਫ ਪਾਰਟੀ ਬਾਲਟੀਮੋਰ ਦੇ ਪ੍ਰਸਿੱਧ ਮਿਰਚੀ ਰੈਸਟੋਰੈਂਟ ਵਿਖੇ ਬਹੁਤ ਹੀ ਸ਼ਾਨਦਾਰ ਅਤੇ ਰੌਣਕ ਭਰੇ ਮਾਹੌਲ ਵਿੱਚ ਕਰਵਾਈ ਗਈ। ਇਸ ਮੌਕੇ ਪੰਜਾਬੀ ਗਾਇਕੀ ਦੇ ਮਾਣਮੱਤੇ ਨਾਮ ਹਰਭਜਨ ਮਾਨ ਅਤੇ ਗੁਰਸੇਵਕ ਮਾਨ ਦਾ ਨਿੱਘਾ ਸਵਾਗਤ ਕੀਤਾ ਗਿਆ। ਸਮਾਗਮ ਵਿੱਚ ਬਾਲਟੀਮੋਰ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਦੇ ਮੈਂਬਰ, ਸਮਾਜ ਸੇਵੀ, ਕਾਰੋਬਾਰੀ ਅਤੇ ਸੱਭਿਆਚਾਰ ਪ੍ਰੇਮੀ ਸ਼ਾਮਲ ਹੋਏ। ਹਾਜ਼ਰੀਨਾਂ ਨੇ ਦੋਵਾਂ ਕਲਾਕਾਰਾਂ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਦੀ ਪੰਜਾਬੀ ਭਾਸ਼ਾ, ਵਿਰਸੇ ਅਤੇ ਸੰਗੀਤ ਪ੍ਰਤੀ ਕੀਤੀਆਂ ਵਿਲੱਖਣ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਕੇ. ਕੇ. ਸਿੱਧੂ, ਰਣਜੀਤ ਚਹਿਲ, ਸੁਰਜੀਤ ਭੱਟੀ ਅਤੇ ਪੰਜਾਬੀ ਕਲੱਬ ਵੱਲੋਂ ਹਰਭਜਨ ਮਾਨ ਅਤੇ ਗੁਰਸੇਵਕ ਮਾਨ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।



ਬੁਲਾਰਿਆਂ ਨੇ ਕਿਹਾ ਕਿ ਮਾਨ ਭਰਾਵਾਂ ਨੇ ਆਪਣੀ ਸੁਰੀਲੀ ਆਵਾਜ਼ ਅਤੇ ਸੱਭਿਆਚਾਰਕ ਗੀਤਾਂ ਰਾਹੀਂ ਪੰਜਾਬੀਅਤ ਨੂੰ ਵਿਸ਼ਵ ਪੱਧਰ 'ਤੇ ਵਿਲੱਖਣ ਪਛਾਣ ਦਿਵਾਈ ਹੈ। ਸਮਾਗਮ ਦੌਰਾਨ ਅਵਤਾਰ ਚੜ੍ਹਿੱਕ, ਗੈਰੀ, ਕੰਗ, ਗਿੱਲ, ਸ਼ਾਹੀ ਅਤੇ ਬਰਾੜ ਸਮੇਤ ਹੋਰ ਪ੍ਰਮੁੱਖ ਸਖ਼ਸੀਅਤਾਂ ਨੇ ਦੋਵਾਂ ਕਲਾਕਾਰਾਂ ਦਾ ਭਰਵਾਂ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਹਰਭਜਨ ਮਾਨ ਅਤੇ ਗੁਰਸੇਵਕ ਮਾਨ ਪੰਜਾਬੀ ਸੱਭਿਆਚਾਰ ਦੇ ਅਸਲ ਦੂਤ ਹਨ, ਜਿਨ੍ਹਾਂ ਨੇ ਆਪਣੀ ਕਲਾ ਰਾਹੀਂ ਦੁਨੀਆ ਭਰ ਦੇ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜ ਕੇ ਰੱਖਿਆ ਹੈ। ਸਮਾਗਮ ਵਿੱਚ ਹਾਜ਼ਰ ਬੀਬੀਆਂ ਵੱਲੋਂ ਵੀ ਦੋਵਾਂ ਕਲਾਕਾਰਾਂ ਦਾ ਬੇਹੱਦ ਪਿਆਰ ਅਤੇ ਸਤਿਕਾਰ ਨਾਲ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਕਲਾਕਾਰਾਂ ਨਾਲ ਯਾਦਗਾਰੀ ਤਸਵੀਰਾਂ ਖਿੱਚਵਾਈਆਂ ਅਤੇ ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਪ੍ਰਤੀ ਆਪਣਾ ਪਿਆਰ ਜ਼ਾਹਿਰ ਕੀਤਾ। ਆਪਣੇ ਸੰਬੋਧਨ ਵਿੱਚ ਹਰਭਜਨ ਮਾਨ ਅਤੇ ਗੁਰਸੇਵਕ ਮਾਨ ਨੇ ਸਮੂਹ ਪ੍ਰਬੰਧਕਾਂ, ਪੰਜਾਬੀ ਕਲੱਬ ਅਤੇ ਹਾਜ਼ਰ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਰਦੇਸ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਮਿਲਦਾ ਇਹ ਪਿਆਰ ਅਤੇ ਸਤਿਕਾਰ ਉਨ੍ਹਾਂ ਲਈ ਸਭ ਤੋਂ ਵੱਡਾ ਸਨਮਾਨ ਹੈ। ਉਨ੍ਹਾਂ ਨੇ ਆਉਣ ਵਾਲੀ ਕਲਚਰਲ ਨਾਈਟ ਨੂੰ ਯਾਦਗਾਰ ਬਣਾਉਣ ਦਾ ਭਰੋਸਾ ਵੀ ਦਿੱਤਾ। ਅੰਤ ਵਿੱਚ ਸਮੁੱਚੀ ਪ੍ਰਬੰਧਕ ਟੀਮ ਵੱਲੋਂ ਦੋਵਾਂ ਕਲਾਕਾਰਾਂ ਨੂੰ ਭਰਵਾਂ ਮਾਣ-ਸਨਮਾਨ ਦਿੱਤਾ ਗਿਆ। ਖੁਸ਼ੀ, ਉਤਸ਼ਾਹ ਅਤੇ ਪੰਜਾਬੀਅਤ ਦੇ ਰੰਗਾਂ ਨਾਲ ਭਰਪੂਰ ਇਸ ਕਿੱਕ ਆਫ ਪਾਰਟੀ ਨੇ ਆਉਣ ਵਾਲੀ ਕਲਚਰਲ ਨਾਈਟ ਲਈ ਦਰਸ਼ਕਾਂ ਦੀ ਉਤਸੁਕਤਾ ਨੂੰ ਹੋਰ ਵਧਾ ਦਿੱਤਾ।

ਆਗੈ ਸਮਝ ਚੱਲੋ ਨੰਦ ਲਾਲਾ, ਪਾਛੈ ਜੋ ਬੀਤੀ ਸੋ ਬੀਤੀ॥


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

### WALK-INS WELCOME

ANYLABTEST NOW




ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥



# GURMEL KAUR SANDHU

April 2nd, 1940 – June 6th, 2026

## FUNERAL

## Allen Mortuary

247 N. Broadway Turlock, CA 95380

June 13th, 2026 | Time : 1:00 PM – 3:00 PM

After Funeral

## ANTIM ARDAAS

3:00 PM – 5:00 PM

Gurdwara Sahib Turlock

1391 F Street Turlock, CA 95380

# ਪੀਓਕੇ ਵਿੱਚ ਵੱਡਾ ਹਾਦਸਾ: ਪਾਕਿਸਤਾਨੀ ਫੌਜ ਦਾ ਹੈਲੀਕਾਪਟਰ ਹਾਦਸਾਗ੍ਰਸਤ- ਹੈਲੀਕਾਪਟਰ 'ਚ ਸਵਾਰ ਸਾਰੇ ਲੋਕਾਂ ਦੀ ਮੌਤ

**ਮੁਜ਼ੱਫਰਾਬਾਦ ਸਾਂਝੀ ਸੋਚ ਬਿਊਰੋ**



ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਪਾਕਿਸਤਾਨੀ ਫ਼ੌਜ ਦਾ ਇੱਕ ਐੱਮ.ਆਈ.-17 ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ। ਫ਼ੌਜ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਹੈਲੀਕਾਪਟਰ ਵਿੱਚ ਸਵਾਰ ਸਾਰੇ ਲੋਕਾਂ ਦੀ ਮੌਤ ਹੋ ਗਈਜਾਣਕਾਰੀ ਅਨੁਸਾਰ ਹੈਲੀਕਾਪਟਰ ਮੁਜ਼ੱਫਰਾਬਾਦ ਦੇ ਨੇੜੇ ਉਡਾਣ ਭਰਨ ਦੌਰਾਨ ਤਕਨੀਕੀ ਖ਼ਰਾਬੀ ਦਾ ਸ਼ਿਕਾਰ ਹੋ ਗਿਆ। ਅਜੇ ਇਹ ਜਾਣਕਾਰੀ ਨਹੀਂ ਮਿਲੀ ਹੈ ਕਿ ਹੈਲੀਕਾਪਟਰ ਵਿੱਚ ਕੁੱਲ ਕਿੰਨੇ ਲੋਕ ਸਵਾਰ ਸਨ।ਫੌਜ ਦੇ ਮੀਡੀਆ ਵਿੰਗ ਮੁਤਾਬਿਕ ਪਾਕਿਸਤਾਨ ਫੌਜ ਦਾ ਇੱਕ ਐਮਆਈ-17 ਹੈਲੀਕਾਪਟਰ ਬੁੱਧਵਾਰ ਨੂੰ ਤਕਨੀਕੀ ਖਰਾਬੀ ਕਾਰਨ ਹਾਦਸਾਗ੍ਰਸਤ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਵਿੱਚ ਸਵਾਰ ਸਾਰੇ ਲੋਕਾਂ ਦੀ ਮੌਤ ਹੋ ਗਈ; ਹਾਲਾਂਕਿ, ਹੈਲੀਕਾਪਟਰ ਵਿੱਚ ਸਵਾਰ ਲੋਕਾਂ ਦੀ ਸਹੀ ਗਿਣਤੀ ਬਾਰੇ ਜਾਣਕਾਰੀ ਅਜੇ ਤੱਕ ਨਹੀਂ ਦਿੱਤੀ ਗਈ ਹੈ। ਹਾਦਸੇ ਤੋਂ ਬਾਅਦ ਬਚਾਅ ਅਤੇ ਰਾਹਤ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ। ਦੁਰਘਟਨਾ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਦੇ ਆਦੇਸ਼ ਦਿੱਤੇ ਗਏ ਹਨ। ਫ਼ੌਜ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਨੇ ਹਾਦਸੇ 'ਤੇ ਦੁੱਖ ਪ੍ਰਗਟ ਕਰਦੇ ਹੋਏ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

# ਅੱਤ ਦੀ ਗਰਮੀ ਅਤੇ ਬਿਜਲੀ ਬੋਰਡ ਦੀ ਬੇਸ਼ਰਮੀ

**ਰਈਆ ਸਾਂਝੀ ਸੋਚ ਬਿਊਰੋ**

ਹਰ ਸਾਲ ਵਾਂਗ ਇਸ ਸਾਲ ਵੀ ਗਰਮੀ ਜਿਓਂ-ਜਿਓਂ ਆਪਣਾ ਪ੍ਰਚੰਡ ਰੂਪ ਅਖਤਿਆਰ ਕਰ ਰਹੀ ਹੈ, ਤਿਓਂ-ਤਿਓਂ ਬਿਜਲੀ ਵਿਭਾਗ ਵੀ ਆਪਣੀ ਬੇਸ਼ਰਮੀ ਦੀਆਂ ਹੱਦਾਂ ਪਾਰ ਕਰਦਾ ਦਿਖਾਈ ਦੇ ਰਿਹਾ ਹੈ। ਅਪ੍ਰੈਲ ਮਹੀਨੇ ਵਿਭਾਗ ਵੱਲੋਂ ਰਈਆ ਵਿੱਚ ਕਰੀਬ ਸਾਰਾ-ਸਾਰਾ ਦਿਨ ਦੇ ਬਿਜਲੀ ਕੱਟ ਲਗਾਏ ਗਏ ਤੇ ਹਵਾਲਾ ਇਹ ਦਿੱਤਾ ਗਿਆ ਕਿ ਇੱਕ ਮਈ ਤੋਂ ਬਾਅਦ ਬਿਜਲੀ ਇਕ ਵਾਰ ਝਮੱਕਾ ਵੀ ਨਹੀਂ ਮਾਰੇਗੀ, ਕੱਟ ਲੱਗਣਾ ਤਾਂ ਬਹੁਤ ਦੂਰ ਦੀ ਗੱਲ ਹੈ, ਪਰ ਹੋਇਆ ਇਸ ਤੋਂ ਬਿਲਕੁਲ ਉਲਟ।

ਇਕ ਮਈ ਤੋਂ ਬਾਅਦ ਰਈਆ ਵਿੱਚ ਲਗਾਤਾਰ ਬਿਜਲੀ ਦੇ ਕੱਟਾਂ ਤੋਂ ਆਮ ਜਨਤਾ ਹੱਦੋਂ ਵੱਧ ਪ੍ਰੇਸ਼ਾਨ ਹੋ ਚੁੱਕੀ ਹੈ। ਚਰਨ ਟਾਈਪ ਵਾਲੀ ਗਲੀ ਵਿੱਚ ਜੂਨ ਮਹੀਨੇ ਦੇ ਗਿਆਰਾਂ ਦਿਨਾਂ ਵਿੱਚੋਂ 4 ਰਾਤਾਂ ਮੁਹੱਲਾ ਨਿਵਾਸੀਆਂ ਨੇ ਬਿਨਾਂ ਬਿਜਲੀ ਪਾਣੀ ਤੋਨ ਗੁਜਾਰੀਆਂ ਹਨ। ਬੀਤੀ ਰਾਤ 8 ਵਜੇ ਤੋਂ ਬਿਜਲੀ ਬਿਲਕੁਲ ਬੰਦ ਹੈ, ਪਰ ਕਈ ਵਾਰ ਫੋਨ ਕਰਨ ਦੇ ਬਾਵਜੂਦ ਵੀ ਕਿਸੇ ਅਧਿਕਾਰੀ ਦੇ ਕੰਨ 'ਤੇ ਜੂੰ ਨਹੀਂ ਸਰਕੀ। ਜੇਕਰ 1912 'ਤੇ ਸ਼ਿਕਾਇਤ ਲਿਖਵਾਈਏ ਤਾਂ ਕੁਝ ਦੇਰ ਬਾਅਦ ਉਹ ਸ਼ਿਕਾਇਤ ਬਿਜਲੀ ਵਿਭਾਗ ਦੇ ਕਰਮਚਾਰੀਆਂ ਵੱਲੋਂ ਬੰਦ ਕਰ ਦਿੱਤੀ ਜਾਂਦੀ ਹੈ।

ਇਸ ਵੇਲੇ ਦੇ ਹਾਲਾਤ ਇਹ ਹਨ ਕਿ ਘਰਾਂ ਵਿੱਚ ਨਾਂ ਤੇ ਬਿਜਲੀ ਆ ਰਹੀ ਹੈ ਅਤੇ ਨਾ ਹੀ ਪਾਣੀ। ਬਿਜਲੀ ਬੰਦ ਹੋਣ ਕਾਰਣ ਪਾਣੀ ਦੀਆਂ ਮੋਟਰਾਂ ਨਹੀਂ ਚੱਲ ਰਹੀਆਂ ਅਤੇ ਲੋਕ ਘਰਾਂ ਤੋਂ ਬਾਹਰ ਗਲੀ ਵਿੱਚ ਬੈਠ ਕੇ ਗੁਜ਼ਾਰਾ ਕਰ ਰਹੇ ਹਨ।

ਮੁਹੱਲਾ ਨਿਵਾਸੀਆਂ ਦੀ ਬਿਜਲੀ ਵਿਭਾਗ ਦੇ ਉਚ ਅਧਿਕਾਰੀਆਂ ਤੋਂ ਪੁਰਜ਼ੋਰ ਮੰਗ ਹੈ ਕਿ ਬਿਜਲੀ ਸਪਲਾਈ ਦੀ ਮਾੜੀ ਹਾਲਤ ਨੂੰ ਜਲਦ ਸੁਧਾਰਿਆ ਜਾਵੇ ਅਤੇ ਲਗਾਤਾਰ ਬਿਜਲੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ। ਉਨਾਂ ਚੇਤਾਵਨੀ ਦਿੱਤੀ ਕਿ ਜੇਕਰ ਉਹਨਾਂ ਦੀ ਇਸ ਮੁਸ਼ਕਿਲ ਦਾ ਹੱਲ ਨਹੀਂ ਕੀਤਾ ਜਾਂਦਾ ਤਾਂ ਸਾਰੇ ਮੁਹੱਲਾ ਨਿਵਾਸੀ ਐਸਡੀਓ ਰਈਆ ਦੇ ਦਫ਼ਤਰ ਅੱਗੇ ਧਰਨਾ ਦੇਣ ਲਈ ਮਜ਼ਬੂਰ ਹੋਣਗੇ।

ਇਸ ਸਬੰਧੀ ਐਕਸਈਐਨ ਹਰਕਿਸ਼ਨ ਸਿੰਗ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਐਸਡੀਓ ਰਈਆ ਨੇ ਮੇਰੇ ਧਿਆਨ 'ਚ ਹੀ ਨਹੀਂ ਲਿਆਂਦਾ ਕਿ ਨਵੀਨ ਤਾਰ ਪਾਉਣ ਲਈ ਬਣਾਇਆ ਐਸਟੀਮੇਟ ਭੇਜਣ ਦੇ ਬਾਵਜੂਦ ਤਾਰ ਨਹੀਂ ਮਿਲ ਰਹੀ। ਉਹਨਾਂ ਕਿਹਾ ਕਿ ਐਸਡੀਓ ਮੈਨੂੰ ਕਾਲ ਕਰਕੇ ਦੱਸੇ ਤਾਂ ਮੈਂ ਨਵੀਂ ਤਾਰ ਮੰਗਵਾ ਕੇ ਬਿਜਲੀ ਸਪਲਾਈ ਦੀ ਆ ਰਹੀ ਮੁਸ਼ਕਿਲ ਦਾ ਹੱਲ ਕਰਵਾਉਂਦਾ ਹਾਂ।

# ਅਮਰੀਕਾ 'ਚ ਭਾਰਤੀ ਮੂਲ ਦਾ ਕਾਰੋਬਾਰੀ ਗ੍ਰਿਫ਼ਤਾਰ

**ਕੈਲੀਫੋਰਨੀਆ ਸਾਂਝੀ ਸੋਚ ਬਿਊਰੋ**

ਅਮਰੀਕਾ ਵਿੱਚ ਭਾਰਤੀ ਮੂਲ ਦੇ ਕਾਰੋਬਾਰੀ ਮਹਿੰਦਰ ਮਖੀਜਾਨੀ ਨੂੰ ਕਥਿਤ 100 ਮਿਲੀਅਨ ਡਾਲਰ ਦੀ ਧੋਖਾਧੜੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ ਹੈ ਕਿ ਉਸ ਨੇ ਰੀਅਲ ਐਸਟੇਟ ਲੋਨ ਹਾਸਲ ਕਰਨ ਲਈ ਦਸਤਾਵੇਜ਼ਾਂ ਵਿੱਚ ਹੇਰਾਫੇਰੀ ਕੀਤੀ ਅਤੇ ਨਿਵੇਸ਼ਕਾਂ ਤੇ ਵਿੱਤੀ ਸੰਸਥਾਵਾਂ ਨੂੰ ਗੁੰਮਰਾਹ ਕੀਤਾ। ਇਸ ਤੋਂ ਇਲਾਵਾ ਮਖੀਜਾਨੀ 'ਤੇ ਸੈਕਸ ਅਤੇ ਡਰੱਗ ਪਾਰਟੀਆਂ ਦਾ ਆਯੋਜਨ ਕਰਨ ਦਾ ਵੀ ਦੋਸ਼ ਹੈ।

ਜਾਂਚ ਤੋਂ ਪਤਾ ਲੱਗਾ ਹੈ ਕਿ ਮਖੀਜਾਨੀ ਸੈਕਸ ਅਤੇ ਡਰੱਗ ਪਾਰਟੀਆਂ 'ਚ ਸ਼ਾਮਿਲ ਲੋਕਾਂ ਨੂੰ ਬਲੈਕਮੇਲ ਕਰਦਾ ਸੀ। 44 ਸਾਲਾ ਮਹਿੰਦਰ ਮਖੀਜਾਨੀ ਅਮਰੀਕਾ ਦੇ ਕੈਲੀਫੋਰਨੀਆ ਦੇ ਕੋਰੋਨਾ ਡੇਲ ਮਾਰ ਖੇਤਰ ਵਿੱਚ ਰਹਿੰਦਾ ਸੀ। ਉਸਨੂੰ ਬੁੱਧਵਾਰ ਸਵੇਰੇ ਗ੍ਰਿਫਤਾਰ ਕੀਤਾ ਗਿਆ ਸੀ। ਮਖੀਜਾਨੀ ਵਿਰੁੱਧ ਅਦਾਲਤ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਵਿੱਚ ਕਈ ਹੈਰਾਨ ਕਰਨ ਵਾਲੇ ਖੁਲਾਸੇ ਹੋਏ ਹਨ।ਜਾਂਚ ਏਜੰਸੀਆਂ ਦੇ ਮੁਤਾਬਕ, ਇਹ ਕਥਿਤ ਧੋਖਾਧੜੀ ਸਤੰਬਰ 2024 ਤੋਂ ਅਪ੍ਰੈਲ 2025 ਦਰਮਿਆਨ ਕੀਤੀ ਗਈ। ਮਖੀਜਾਨੀ 'ਤੇ ਦੋਸ਼ ਹੈ ਕਿ ਉਸ ਨੇ ਜਾਇਦਾਦਾਂ ਅਤੇ ਕਰਜ਼ਿਆਂ ਨਾਲ ਸਬੰਧਤ ਦਸਤਾਵੇਜ਼ਾਂ ਵਿੱਚ ਗਲਤ ਜਾਣਕਾਰੀ ਦੇ ਕੇ ਵੱਡੀ ਰਕਮ ਦੇ ਲੋਨ ਪ੍ਰਾਪਤ ਕੀਤੇ।ਨਿਊਪੋਰਟ ਬੀਚ ਅਧਾਰਿਤ ਇੱਕ ਰੀਅਲ ਐਸਟੇਟ ਕੰਪਨੀ ਦੇ ਮੁਖੀ ਰਹੇ ਮਖੀਜਾਨੀ ਨੂੰ ਫੈਡਰਲ ਅਧਿਕਾਰੀਆਂ ਨੇ ਹਿਰਾਸਤ ਵਿੱਚ ਲਿਆ ਹੈ। ਮਾਮਲੇ ਦੀ ਜਾਂਚ ਜਾਰੀ ਹੈ ਅਤੇ ਦੋਸ਼ ਸਾਬਤ ਹੋਣ ਦੀ ਸੂਰਤ ਵਿੱਚ ਉਸ ਨੂੰ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੋਸ਼ੀ ਪਾਏ ਜਾਣ 'ਤੇ ਉਸਨੂੰ 30 ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਇਸ ਗ੍ਰਿਫ਼ਤਾਰੀ ਨੇ ਅਮਰੀਕੀ ਰੀਅਲ ਐਸਟੇਟ ਖੇਤਰ ਵਿੱਚ ਵਿੱਤੀ ਪਾਰਦਰਸ਼ਤਾ ਅਤੇ ਨਿਯਮਾਂ ਦੀ ਪਾਲਣਾ ਨੂੰ ਲੈ ਕੇ ਇੱਕ ਵਾਰ ਫਿਰ ਚਰਚਾ ਛੇੜ ਦਿੱਤੀ ਹੈ।

# ਇਜ਼ਰਾਈਲ 'ਚ ਪ੍ਰਧਾਨ ਮੰਤਰੀ ਅਹੁਦੇ ਲਈ ਮੁੜ ਚੋਣ ਲੜਨਗੇ ਨੇਤਨਯਾਹੂ

**ਇਜ਼ਰਾਈਲ ਸਾਂਝੀ ਸੋਚ ਬਿਊਰੋ**



ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਆਉਣ ਵਾਲੀਆਂ ਆਮ ਚੋਣਾਂ ਵਿੱਚ ਦੁਬਾਰਾ ਚੋਣ ਲੜਨਗੇ, ਉਨ੍ਹਾਂ ਦੀ ਲਿਕੁਡ ਪਾਰਟੀ ਨੇ ਬੁੱਧਵਾਰ ਨੂੰ ਅਧਿਕਾਰਤ ਤੌਰ 'ਤੇ ਪ੍ਰਧਾਨ ਮੰਤਰੀ ਅਹੁਦੇ ਲਈ ਉਨ੍ਹਾਂ ਦੇ ਨਾਮ ਦੀ ਪੁਸ਼ਟੀ ਕੀਤੀ ਹੈ। ਇਹ ਚੋਣ ਅਕਤੂਬਰ ਤੋਂ ਪਹਿਲਾਂ ਕਰਵਾਈ ਜਾ ਸਕਦੀ ਹੈ। ਲਿਕੁਡ ਪਾਰਟੀ ਨੇ ਇੱਕ ਸੰਖੇਪ ਬਿਆਨ ਵਿੱਚ ਕਿਹਾ ਕਿ ਨੇਤਨਯਾਹੂ "ਰੱਬ ਦੀ ਕਿਰਪਾ ਨਾਲ" ਚੋਣ ਲੜਨਗੇ ਅਤੇ ਜਿੱਤਣਗੇ।ਦੱਸ ਦਈਏ ਕਿ 7 ਅਕਤੂਬਰ, 2023 ਨੂੰ ਹਮਾਸ ਦੇ ਹਮਲਿਆਂ ਤੋਂ ਬਾਅਦ ਇਹ ਇਜ਼ਰਾਈਲ ਵਿੱਚ ਪਹਿਲੀ ਚੋਣ ਹੋਵੇਗੀ। ਇਨ੍ਹਾਂ ਚੋਣਾਂ ਨੂੰ ਨੇਤਨਯਾਹੂ ਦੇ ਯੁੱਧ ਅਤੇ ਸੁਰੱਖਿਆ ਨੀਤੀਆਂ ਨੂੰ ਸੰਭਾਲਣ 'ਤੇ ਜਨਮਤ ਸੰਗ੍ਰਹਿ ਵਜੋਂ ਦੇਖਿਆ ਜਾ ਰਿਹਾ ਹੈ। ਇਜ਼ਰਾਈਲ ਡੈਮੋਕਰੇਸੀ ਇੰਸਟੀਚਿਊਟ ਅਤੇ ਹੋਰ ਏਜੰਸੀਆਂ ਦੁਆਰਾ ਕੀਤੇ ਗਏ ਕਈ ਹਾਲੀਆ ਸਰਵੇਖਣਾਂ ਤੋਂ ਪਤਾ ਚੱਲਦਾ ਹੈ ਕਿ ਨੇਤਨਯਾਹੂ ਦੀ ਗੱਠਜੋੜ ਸਰਕਾਰ ਨੂੰ ਬਹੁਮਤ ਹਾਸਲ ਕਰਨ ਲਈ ਸਖ਼ਤ ਟੱਕਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਪਹਿਲਾਂ, ਇਹ ਕਿਆਸ ਲਗਾਏ ਜਾ ਰਹੇ ਸਨ ਕਿ ਉਹ ਅਗਲੀਆਂ ਚੋਣਾਂ ਨਹੀਂ ਲੜਨਗੇ। ਇਜ਼ਰਾਈਲ ਵਿੱਚ ਚੋਣ ਦੀ ਤਾਰੀਖ ਦਾ ਅਜੇ ਐਲਾਨ ਨਹੀਂ ਕੀਤਾ ਗਿਆ ਹੈ, ਪਰ ਮੌਜੂਦਾ ਨਿਯਮਾਂ ਅਨੁਸਾਰ ਚੋਣਾਂ ਅਕਤੂਬਰ ਤੱਕ ਕਰਵਾਉਣੀਆਂ ਜ਼ਰੂਰੀ ਹਨ।ਨੇਤਨਯਾਹੂ, ਜੋ ਦਸੰਬਰ 2022 ਵਿੱਚ ਸੱਤਾ ਵਿੱਚ ਵਾਪਸ ਆਏ ਸਨ, ਇਸ ਸਮੇਂ ਇਜ਼ਰਾਈਲ ਦੇ ਇਤਿਹਾਸ ਵਿੱਚ ਸਭ ਤੋਂ ਸੱਜੇ-ਪੱਖੀ ਗੱਠਜੋੜ ਦੀ ਅਗਵਾਈ ਕਰਦੇ ਹਨ। ਉਨ੍ਹਾਂ ਦਾ ਕਾਰਜਕਾਲ ਲਗਾਤਾਰ ਰਾਜਨੀਤਿਕ ਵਿਵਾਦਾਂ ਅਤੇ ਖੇਤਰੀ ਟਕਰਾਵਾਂ ਦੁਆਰਾ ਦਰਸਾਇਆ ਗਿਆ ਹੈ। ਗਾਜ਼ਾ, ਲੇਬਨਾਨ ਅਤੇ ਈਰਾਨ ਨਾਲ ਟਕਰਾਅ ਤੋਂ ਪਹਿਲਾਂ ਉਨ੍ਹਾਂ ਦੀ ਸਰਕਾਰ ਨੂੰ ਵੱਡੇ ਪੱਧਰ 'ਤੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਅਜੇ ਵੀ ਸੁਰੱਖਿਆ ਅਤੇ ਘਰੇਲੂ ਮੁੱਦਿਆਂ 'ਤੇ ਲਗਾਤਾਰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।




ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

**SMARTWAY EXPRESS INC.**



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ
ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES
GOODYEAR
KELLY TIRES
BARKLEY Feel the difference
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES

# S. Singh Cell: (510) 766-9382

2955 N. Wilson Way Stockton , CA 95205


CIS
CALIFORNIA
IMMIGRATION SERVICES
YOUR REGISTERED & BONDED “IMMIGRATION-CONSULTANTS”
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com



ਬਰਜਿੰਦਰ ਕੌਰ ਬਿਸਰਾਓ
99889-01324

# ਮੋਬਾਈਲ ਗੇਮਿੰਗ ਦੇ ਬੱਚਿਆਂ 'ਤੇ ਦੁਰਪ੍ਰਭਾਵ

ਮੋਬਾਈਲ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣ ਚੁੱਕਿਆ ਹੈ। ਇਸ ਤੋਂ ਬਿਨਾਂ ਅੱਜ ਜ਼ਿੰਦਗੀ ਸੰਭਵ ਨਹੀਂ ਲੱਗਦੀ। ਇਸ ਦੀਆਂ ਸੁੱਖ ਸਹੂਲਤਾਂ ਦੇ ਨਾਲ ਨਾਲ ਸਾਨੂੰ ਜਾਣੇ ਅਣਜਾਣੇ ਵਿੱਚ ਬਹੁਤ ਤਰ੍ਹਾਂ ਦੇ ਨੁਕਸਾਨ ਵੀ ਉਠਾਉਣੇ ਪੈ ਰਹੇ ਹਨ। ਅੱਜ ਨਿੱਤ ਦਿਹਾੜੇ ਕੋਈ ਨਾ ਕੋਈ ਅਜਿਹੀ ਖ਼ਬਰ ਸੁਣਨ ਨੂੰ ਮਿਲਦੀ ਹੈ ਜਿਸ ਵਿੱਚ ਬੱਚੇ ਮੋਬਾਈਲ ਤੇ ਗੇਮਾਂ ਖੇਡਦੇ ਖੇਡਦੇ ਆਪਣਾ ਮਾਨਸਿਕ ਸੰਤੁਲਨ ਗੁਆਉਣ ਕਾਰਨ ਵੱਡੀਆਂ ਵੱਡੀਆਂ ਦੁਰਘਟਨਾਵਾਂ ਨੂੰ ਅੰਜਾਮ ਦੇ ਬੈਠਦੇ ਹਨ। ਮੋਬਾਈਲ ਗੇਮਿੰਗ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਬੁਰਾ ਪ੍ਰਭਾਵ ਪਾਉਂਦੀ ਹੈ। ਜ਼ਿਆਦਾ ਦੇਰ ਗੇਮਾਂ ਖੇਡਣ ਨਾਲ ਅੱਖਾਂ ਦੀ ਰੋਸ਼ਨੀ ਘੱਟ ਹੋਣਾ, ਸੁਭਾਅ ਵਿੱਚ ਚਿੜਚਿੜਾਪਣ ਆਉਣਾ, ਅਤੇ ਦਿਲ ਦੀ ਸਿਹਤ 'ਤੇ ਮਾੜਾ ਅਸਰ ਪੈਣਾ ਵਰਗੀਆਂ ਗੰਭੀਰ ਸਮੱਸਿਆਵਾਂ ਹੋ ਰਹੀਆਂ ਹਨ। ਬੱਚੇ ਲਗਾਤਾਰ ਇੱਕੋ ਥਾਂ ਬੈਠ ਕੇ ਘੰਟਿਆਂ ਬੱਧੀ ਮੋਬਾਈਲ ਗੇਮ ਖੇਡਦੇ ਰਹਿੰਦੇ ਹਨ। ਲਗਾਤਾਰ ਇੱਕੋ ਥਾਂ ਬੈਠਣ ਨਾਲ ਅੱਜ ਕੱਲ੍ਹ ਬੱਚਿਆਂ ਵਿੱਚ ਮੋਟਾਪੇ ਵਰਗੀਆਂ ਬੀਮਾਰੀਆਂ ਆਮ ਹੀ ਵੇਖਣ ਨੂੰ ਮਿਲਦੀਆਂ ਹਨ। ਬੱਚਿਆਂ ਦੀਆਂ ਅੱਖਾਂ ਤੇ ਬੁਰਾ ਪ੍ਰਭਾਵ ਪੈਂਦਾ ਹੈ । ਅੱਜ ਕੱਲ੍ਹ ਛੋਟੇ ਛੋਟੇ ਬੱਚਿਆਂ ਦੇ ਵੱਡੇ ਨੰਬਰਾਂ ਵਾਲ਼ੀਆਂ ਨਿਗ੍ਹਾ ਦੀਆਂ ਐਨਕਾਂ ਲੱਗ ਰਹੀਆਂ ਹਨ। ਇਸ ਨਾਲ ਬੱਚੇ ਹੋਰ ਵੀ ਕਈ ਤਰ੍ਹਾਂ ਦੀਆਂ ਸਰੀਰਕ ਕਮਜ਼ੋਰੀਆਂ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਦਾ ਸਰੀਰਕ ਵਿਕਾਸ ਰੁਕ ਜਾਂਦਾ ਹੈ। ਮੋਬਾਈਲ ਗੇਮਿੰਗ ਦਾ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਬੱਚੇ ਮਾਨਸਿਕ ਤੌਰ ਤੇ ਬਿਮਾਰ ਹੋ ਰਹੇ ਹਨ। ਇਸ ਕਾਰਨ ਬੱਚਿਆਂ ਦੀਆਂ ਮਾਨਸਿਕ ਸਮੱਸਿਆਵਾਂ ਕਈ ਗੁਣਾ ਵੱਧ ਰਹੀਆਂ ਹਨ। ਵੱਡੀ ਗੱਲ ਇਹ ਹੈ ਕਿ ਤਿੰਨ ਤੋਂ ਚਾਰ ਸਾਲ ਦੇ ਛੋਟੇ ਬੱਚੇ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਸਿਰਫ ਇਹੀ ਨਹੀਂ, ਖੇਡਾਂ ਲਈ ਉਪਕਰਣਾਂ ਦੀ ਘਾਟ ਕਾਰਨ, ਹੁਣ ਬੱਚੇ ਹਿੰਸਾ 'ਤੇ ਵੀ ਉਤਰਨ ਲੱਗ ਪਏ ਹਨ।

ਜਿਹੜੇ ਬੱਚੇ ਮੋਬਾਈਲ ਤੇ ਆਨਲਾਈਨ ਗੇਮਾਂ ਜਿਵੇਂ ਪੱਬਜੀ ਜਾਂ ਫ੍ਰੀ ਫਾਇਰ ਵਰਗੀਆਂ ਜਾਂ ਹੋਰ ਅਨੇਕਾਂ ਇਹੋ ਜਿਹੀਆਂ ਗੇਮਾਂ ਦੇ ਆਦੀ ਹੋ ਜਾਂਦੇ ਹਨ ਉਹਨਾਂ ਦਾ ਪੜ੍ਹਾਈ ਤੋਂ ਧਿਆਨ ਬਿਲਕੁਲ ਹਟ ਜਾਂਦਾ ਹੈ। ਉਹਨਾਂ ਦੀ ਮਾਨਸਿਕ ਸਥਿਤੀ ਖ਼ਰਾਬ ਹੋਣ ਲੱਗਦੀ ਹੈ ਤੇ ਖੇਡ ਦਾ ਨਾਕਾਰਾਤਮਕ ਪ੍ਰਭਾਵ ਉਨ੍ਹਾਂ ਉੱਪਰ ਭਾਰੂ ਹੋਣ ਨਾਲ ਜਾਂ ਤਾਂ ਮਾਨਸਿਕ ਤੌਰ ਤੇ ਬੁਰੀ ਤਰ੍ਹਾਂ ਬੀਮਾਰ ਹੋ ਜਾਂਦੇ ਹਨ ਤੇ ਕਈ ਵਾਰ ਤਾਂ ਡੂੰਘੇ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਬੱਚੇ ਆਤਮਹੱਤਿਆ ਵਰਗੇ ਭਿਆਨਕ ਕਦਮ ਵੀ ਉਠਾ ਲੈਂਦੇ ਹਨ। ਮੋਬਾਈਲ ਗੇਮਾਂ ਵਿੱਚ ਹਥਿਆਰ ਜਾਂ ਗੇਮਾਂ ਦੇ ਅਪਗ੍ਰੇਡ ਖਰੀਦਣ ਦੇ ਚੱਕਰ ਵਿੱਚ ਬੱਚੇ ਕਈ ਵਾਰ ਘਰ ਦੇ ਪੈਸਿਆਂ ਦੀ ਦੁਰਵਰਤੋਂ ਕਰ ਲੈਂਦੇ ਹਨ ਜਿਸ ਕਰਕੇ ਬੱਚਿਆਂ ਦੇ ਨਾਲ ਨਾਲ ਮਾਪਿਆਂ ਨੂੰ ਵੀ ਇਸ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਅੱਜ ਦੇ ਬਦਲਦੇ ਦੌਰ ਵਿੱਚ ਅਤੇ ਸਮਾਰਟ ਫੋਨਾਂ ਰਾਹੀਂ ਸਮਾਰਟ ਹੋ ਰਹੀ ਦੁਨੀਆਂ ਦੇ ਨਾਲ ਬੱਚਿਆਂ ਵਿੱਚ ਮੋਬਾਈਲ ਗੇਮਿੰਗ ਦਾ ਰੁਝਾਨ ਬਹੁਤ ਤੇਜ਼ੀ ਨਾਲ ਵਧਣ ਲੱਗਿਆ ਹੈ। ਇਹ ਆਦਤ ਕਿੰਨੀ ਖਤਰਨਾਕ ਹੋ ਰਹੀ ਹੈ ਇਹ ਤਾਂ ਅੱਜ ਕੱਲ੍ਹ ਆਉਣ ਵਾਲੀਆਂ ਤਰ੍ਹਾਂ ਤਰ੍ਹਾਂ ਦੀਆਂ ਬੁਰੀਆਂ ਖਬਰਾਂ ਤੋਂ ਪਤਾ ਲੱਗ ਰਿਹਾ ਹੈ। ਕਿਤੇ ਬੱਚਿਆਂ ਵੱਲੋਂ ਮਾਪਿਆਂ ਦੇ ਬੈਂਕ ਖਾਤੇ ਖ਼ਾਲੀ ਕਰ ਦਿੱਤੇ ਜਾਂਦੇ ਹਨ,ਕਿਤੇ ਬੱਚਿਆਂ ਵੱਲੋਂ ਮਾਪਿਆਂ ਪ੍ਰਤੀ ਹਿੰਸਕ ਪ੍ਰਵਿਰਤੀਆਂ ਅਪਣਾ ਕੇ ਕਈ ਤਰ੍ਹਾਂ ਦੇ ਘਾਤਕ ਕਦਮ ਉਠਾ ਕੇ ਮਾਪਿਆਂ ਨੂੰ ਜਾਂ ਭੈਣ ਭਰਾਵਾਂ ਨੂੰ ਆਪਣੀ ਹਿੰਸਾ ਦਾ ਸ਼ਿਕਾਰ ਬਣਾ ਰਹੇ ਹਨ। ਕਰੋਨਾ ਕਾਲ ਸਮੇਂ ਤੋਂ ਆਨਲਾਈਨ ਪੜ੍ਹਾਈ ਕਰਨ ਅਤੇ ਕੰਮ ਕਰਨ ਦਾ ਰੁਝਾਨ ਵਧਣ ਨਾਲ ਬੱਚਿਆਂ ਲਈ ਮਾਪਿਆਂ ਦੇ ਇਸ ਜੰਤਰ ਨੂੰ ਵਰਤਣਾ ਸੌਖਾ ਹੋ ਗਿਆ। ਬੱਚੇ ਮੋਬਾਈਲ ਤੇ ਪੜ੍ਹਾਈ ਘੱਟ ਕਰਦੇ ਤੇ ਵੀਡੀਓ ਗੇਮਾਂ ਖੇਡਣ ਜਾਂ ਯੂਟਿਊਬ ਰਾਹੀਂ ਵਰਜਿਤ ਤੱਥ ਵੇਖਣ ਵਿੱਚ ਜ਼ਿਆਦਾ ਦਿਲਚਸਪੀ ਦਿਲਚਸਪੀ ਰੱਖਦੇ ਹਨ।

ਅੱਜ ਕੱਲ੍ਹ ਮਾਪੇ ਆਪਣੇ ਕੰਮਾਂ ਵਿੱਚ ਜ਼ਿਆਦਾ ਰੁੱਝੇ ਰਹਿੰਦੇ ਹਨ। ਬੱਚੇ ਉਨ੍ਹਾਂ ਨੂੰ ਵਾਰ ਵਾਰ ਪਰੇਸ਼ਾਨ ਨਾ ਕਰਨ ਇਸ ਲਈ ਉਹ ਉਨ੍ਹਾਂ ਨੂੰ ਆਪਣੇ ਮੋਬਾਈਲ ਦੇ ਕੇ ਉਨ੍ਹਾਂ ਨੂੰ ਵਿਅਸਤ ਤਾਂ ਕਰ ਦਿੰਦੇ ਹਨ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਉਹ ਆਪਣੇ ਬੱਚੇ ਨੂੰ ਕਿਹੜੀ ਦਲਦਲ ਵਿੱਚ ਧਕੇਲ ਰਹੇ ਹੁੰਦੇ ਹਨ। ਬਸ ਮਾਪਿਆਂ ਦੀ ਇਸ ਕਮਜ਼ੋਰੀ ਦਾ ਫ਼ਾਇਦਾ ਉਠਾਉਂਦੇ ਹੋਏ ਬੱਚੇ ਆਨਲਾਈਨ ਗੇਮਿੰਗ ਅਤੇ ਆਨਲਾਈਨ ਵੀਡੀਓ ਵੇਖਣ ਦੇ ਆਦੀ ਹੋਣ ਲੱਗਦੇ ਹਨ। ਬੱਚਿਆਂ ਵਿੱਚ ਵੱਡਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਘਟਣ ਲੱਗਦੀ ਹੈ। ਉਹ ਘਰ ਆਏ ਮਹਿਮਾਨਾਂ ਨੂੰ ਵੀ ਸਮਾਂ ਦੇਣ ਦੀ ਬਜਾਏ ਘਰ ਦੀ ਇੱਕ ਨੁੱਕਰੇ ਬੈਠਾ ਗੇਮਾਂ ਵਿੱਚ ਰੁੱਝਿਆ ਦਿਸਦਾ ਹੈ। ਉਦੋਂ ਤਾਂ ਸ਼ਾਇਦ ਮਾਪਿਆਂ ਨੂੰ ਲੱਗਦਾ ਹੋਵੇਗਾ ਕਿ ਬੱਚਾ ਤੰਗ ਨਹੀਂ ਕਰ ਰਿਹਾ ਪਰ ਉਹ ਇਸ ਗੱਲੋਂ ਅਣਜਾਣ ਹੁੰਦੇ ਹਨ ਕਿ ਆਪਣੇ ਬੱਚੇ ਦੀ ਸਿਹਤ ਨੂੰ ਕਿਸ ਤਰ੍ਹਾਂ ਖ਼ਤਰੇ ਵਿੱਚ ਪਾ ਰਹੇ ਹੁੰਦੇ ਹਨ। ਜਿਸ ਦਾ ਨਤੀਜਾ ਇੱਕ ਨਾ ਇੱਕ ਦਿਨ ਉਨ੍ਹਾਂ ਨੂੰ ਆਪ ਹੀ ਭੁਗਤਣਾ ਪੈਂਦਾ ਹੈ। ਜਦ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਦੇ ਸਾਹਮਣੇ ਮੋਬਾਈਲ ਦੀ ਜ਼ਿਆਦਾ ਵਰਤੋਂ ਨਾ ਕਰਨ। ਉਹ ਆਪਣੇ ਬੱਚਿਆਂ ਨੂੰ ਖੇਡਣ ਲਈ ਖਿਡੌਣੇ ਦੇਣ, ਉਨ੍ਹਾਂ ਲਈ ਸਮਾਂ ਕੱਢ ਕੇ ਉਨ੍ਹਾਂ ਨਾ਼ਲ ਗੱਲਾਂ ਬਾਤਾਂ ਸਾਂਝੀਆਂ ਕਰਨ ਤਾਂ ਜੋ ਬੱਚਾ ਆਪਣੇ ਆਪ ਨੂੰ ਦਿਮਾਗੀ ਤੌਰ ਤੇ ਹਲਕਾ ਮਹਿਸੂਸ ਕਰਦਾ ਹੋਇਆ ਆਪਣੇ ਮਾਪਿਆਂ ਦੀ ਸੰਗਤ ਦਾ ਆਨੰਦ ਮਾਣੇ। ਬੱਚੇ ਨੂੰ ਘਰ ਦੇ ਵਿਹੜੇ ਵਿੱਚ ਖੇਡਣ ਤੋਂ ਲੈ ਕੇ ਗਰਾਊਂਡ ਤੱਕ ਦੀਆਂ ਖੇਡਾਂ ਵਿੱਚ ਰੁਝਾਨ ਪੈਦਾ ਕਰਨ,ਇਸ ਨਾਲ ਉਨ੍ਹਾਂ ਦੀ ਸਰੀਰਕ ਤਾਕਤ ਵਧੇਗੀ ਅਤੇ ਮੋਬਾਈਲ ਵਿਚ ਗੇਮਾਂ ਖੇਡਣ ਦੀ ਆਦਤ ਛੁੱਟ ਜਾਵੇਗੀ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਬਹੁਤੀ ਦੇਰ ਇਕੱਲੇ ਨਾ ਛੱਡਣ ਸਗੋਂ ਉਨ੍ਹਾਂ ਨੂੰ ਸਮਾਂ ਤੇ ਸਾਥ ਦੇ ਕੇ ਬੱਚੇ ਨੂੰ ਮਾਨਸਿਕ ਤੌਰ ਮਜ਼ਬੂਤ ਬਣਾਉਣ। ਉਹ ਬੱਚੇ ਦੀ ਰੁੱਚੀ ਜਾਣਨ ਦੀ ਕੋਸ਼ਿਸ਼ ਕਰਨ, ਫਿਰ ਉਨ੍ਹਾਂ ਨੂੰ ਉਸ ਅਨੁਸਾਰ ਚੀਜ਼ਾਂ ਲਿਆ ਕੇ ਦੇਣ। ਬੱਚਿਆਂ ਨੂੰ ਮੋਬਾਈਲ ਗੇਮਿੰਗ ਤੋਂ ਖਹਿੜਾ ਛੁਡਾਉਣ ਲਈ ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਅਤੇ ਬਾਹਰੀ ਖੇਡਾਂ ਖੇਡਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ। ਵਿਹਲੇ ਸਮੇਂ ਵਿਚ ਬੱਚਿਆਂ ਨੂੰ ਉਨ੍ਹਾਂ ਦੇ ਮਨ ਪਸੰਦ ਦੀਆਂ ਕਿਰਿਆਵਾਂ ਜਿਵੇਂ ਡਰਾਇੰਗ, ਡਾਂਸ, ਪੇਂਟਿੰਗ,ਯੋਗਾ ਆਦਿ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਬੱਚਿਆਂ ਅੰਦਰ ਉਤਸ਼ਾਹ ਪੈਦਾ ਹੋਵੇ।

ਸਮੇਂ ਸਮੇਂ ਤੇ ਮਾਪਿਆਂ ਨੂੰ ਆਪਣਾ ਮੋਬਾਈਲ ਪਾਸਵਰਡ ਬਦਲਦੇ ਰਹਿਣਾ ਚਾਹੀਦਾ ਹੈ। ਜੇ ਬੱਚਾ ਜ਼ਿੱਦ ਕਰਦਾ ਹੈ, ਤਾਂ ਉਸਨੂੰ ਦੂਜੀਆਂ ਚੀਜ਼ਾਂ ਵਿਚ ਰੁਝਾ ਕੇ ਮੋਬਾਈਲ ਤੋਂ ਦੂਰੀ ਬਣਾਉਣ ਦੀ ਕੋਸ਼ਿਸ਼ ਕਰੋ। ਪਲੇ ਸਟੋਰ ਵਰਗੀਆਂ ਐਪਸ ਤੋਂ ਆਪਣੇ ਬੈਂਕ ਖਾਤੇ ਨੂੰ ਨਾ ਜੋੜੋ। ਸਮੇਂ-ਸਮੇਂ ਤੇ ਉਨ੍ਹਾਂ ਦੇ ਮੋਬਾਈਲ ਦੀ ਜਾਂਚ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਪਤਾ ਲੱਗਦਾ ਰਹੇ ਕਿ ਬੱਚੇ ਕਿਹੜੀ ਕਿਹੜੀ ਐਪ ਜਾਂ ਗੇਮ ਦੀ ਵਰਤੋਂ ਕਰ ਰਹੇ ਹਨ। ਬੱਚਿਆਂ ਲਈ ਫ਼ੋਨ ਵਰਤਣ ਦਾ ਸਮਾਂ ਵੀ ਨਿਰਧਾਰਤ ਕਰਨਾ ਚਾਹੀਦਾ ਹੈ। ਇਹ ਨਿਸ਼ਚਿਤ ਕਰੋ ਕਿ ਬੱਚੇ ਦਿਨ ਵਿੱਚ 1-2 ਘੰਟੇ ਤੋਂ ਵੱਧ ਮੋਬਾਈਲ ਫ਼ੋਨ ਨਾ ਵਰਤਣ। ਫ਼ੋਨ ਵਿੱਚ 'ਪੇਰੈਂਟਲ ਕੰਟਰੋਲ' ਲਗਾ ਕੇ ਰੱਖੋ ਤਾਂ ਜੋ ਬੱਚੇ ਗਲਤ ਸਮੱਗਰੀ ਤੋਂ ਬਚੇ ਰਹਿਣ। ਇਸ ਤਰ੍ਹਾਂ ਮਾਪਿਆਂ ਵੱਲੋਂ ਵਰਤੀ ਗਈ ਚੌਕਸੀ ਤੇ ਥੋੜ੍ਹੀਆਂ ਜਿਹੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਬੱਚਿਆਂ ਨੂੰ ਇਸ ਮੋਬਾਈਲ ਗੇਮਿੰਗ ਵਰਗੀ ਭੈੜੀ ਆਦਤ ਤੋਂ ਬਚਾਇਆ ਜਾ ਸਕਦਾ ਹੈ। ਸਾਰੇ ਮਾਪਿਆਂ ਦਾ ਆਪਣੇ ਬੱਚਿਆਂ ਦੇ ਨਿਗਰਾਨ ਬਣ ਕੇ ਰਹਿਣਾ ਮੁੱਢਲਾ ਫਰਜ਼ ਹੁੰਦਾ ਹੈ ਤਾਂ ਜੋ ਉਹਨਾਂ ਦੇ ਮਾਰਗ ਦਰਸ਼ਕ ਬਣ ਕੇ ਉਨ੍ਹਾਂ ਨੂੰ ਇਹੋ ਜਿਹੀਆਂ ਭੈੜੀਆਂ ਆਦਤਾਂ ਵਿੱਚ ਪੈਣ ਤੋਂ ਬਚਾਇਆ ਜਾ ਸਕੇ ।ਕਦੇ ਨਾ ਭੁੱਲੋ ਕਿ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਰੱਖਣਾ।







ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ

## AMERICA ਵਿੱਚ

## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

**MON - FRI, 9:00 AM - 3:00 PM**

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# ਮਾਂ ਲਈ ਲਿਖੋ ਇੱਕ ਕਿਤਾਬ

ਪਿਆਰੇ ਛੋਟੇ ਦੋਸਤੋ, ਕਈ ਵਾਰ ਤੁਹਾਡਾ ਮਨ ਕਰਦਾ ਹੋਵੇਗਾ ਕਿ ਆਪਣੀ ਮੰਮੀ ਨੂੰ ਇੱਕ ਬਹੁਤ ਹੀ ਖਾਸ ਸਰਪ੍ਰਾਈਜ਼ ਤੋਹਫ਼ਾ ਦਿੱਤਾ ਜਾਵੇ। ਪਰ ਬਹੁਤ ਸੋਚਣ ਤੋਂ ਬਾਅਦ ਵੀ ਕੁਝ ਨਹੀਂ ਸੁੱਝਦਾ। ਅਸੀਂ ਇੱਥੇ ਇੱਕ ਬਿਲਕੁਲ ਨਵਾਂ ਵਿਚਾਰ ਸਾਂਝਾ ਕਰਨ ਲੱਗੇ ਹਾਂ। ਇਸ ਵਾਰ ਉਨ੍ਹਾਂ ਨੂੰ ਆਪਣੇ ਦੁਆਰਾ ਲਿਖੀ ਇੱਕ ਛੋਟੀ ਜਿਹੀ ਕਿਤਾਬ ਤੋਹਫ਼ੇ ਵਿੱਚ ਦਿਓ। ਇਹ ਕਿਤਾਬ ਨਾ ਸਿਰਫ਼ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਇੱਕ ਸੁੰਦਰ ਤਰੀਕਾ ਹੈ, ਸਗੋਂ ਇਹ ਇੱਕ ਯਾਦਗਾਰੀ ਚੀਜ਼ ਵੀ ਹੈ ਜੋ ਤੁਹਾਡੇ ਮੰਮੀ ਜ਼ਿੰਦਗੀ ਭਰ ਸੰਭਾਲ ਕੇ ਰੱਖਣਗੇ।

ਅਸੀਂ ਤੁਹਾਨੂੰ ਕੁਝ ਆਸਾਨ ਤਰੀਕੇ ਦੱਸ ਰਹੇ ਹਾਂ ਜੋ ਤੁਹਾਡੀ ਮੰਮੀ ਲਈ ਇੱਕ ਯਾਦਗਾਰੀ ਕਿਤਾਬ ਜਲਦੀ ਤਿਆਰ ਕਰਨ ਵਿੱਚ ਤੁਹਾਡੀ ਮਦਦ ਕਰਨਗੇ।

ਮੰਮੀ ਲਈ ਆਪਣੀ ਕਿਤਾਬ ਕਿਵੇਂ ਲਿਖੀਏ?

ਜਿਵੇਂ ਆਪਣੀ ਮੰਮੀ ਬਾਰੇ ਕਿਤਾਬ ਲਿਖਣਾ ਤੁਹਾਡੇ ਲਈ ਇੱਕ ਨਵਾਂ ਅਤੇ ਵਿਲੱਖਣ ਅਨੁਭਵ ਹੋਵੇਗਾ, ਉਸੇ ਤਰ੍ਹਾਂ ਆਪਣੇ ਬਾਰੇ ਕਿਤਾਬ ਪੜ੍ਹਨਾ ਤੁਹਾਡੇ ਮੰਮੀ ਲਈ ਇੱਕ ਬਿਲਕੁਲ ਨਵਾਂ ਅਤੇ ਤਾਜ਼ਗੀ ਭਰਿਆ ਅਨੁਭਵ ਹੋਵੇਗਾ। ਇਸ ਲਈ ਮਹਿੰਗੇ ਸਮਾਨ ਦੀ ਲੋੜ ਨਹੀਂ ਹੈ, ਸਗੋਂ ਆਪਣੇ ਦਿਲ ਦੀ ਗੱਲ ਕਹਿਣ ਦੀ ਹਿੰਮਤ ਅਤੇ ਥੋੜ੍ਹੀ ਜਿਹੀ ਮਿਹਨਤ ਦੀ ਲੋੜ ਹੈ।

ਕਿਤਾਬ ਦੇ ਵਿਸ਼ੇ ਬਾਰੇ ਸੋਚੋ :

ਸਭ ਤੋਂ ਪਹਿਲਾਂ ਕਿਤਾਬ ਦੇ ਉਦੇਸ਼ ਅਤੇ ਵਿਸ਼ੇ ਨੂੰ ਸਮਝੋ। ਸੋਚੋ ਕਿ ਤੁਹਾਡੀ ਕਿਤਾਬ ਕਿਸ ਬਾਰੇ ਹੋਵੇਗੀ। ਕੀ ਇਹ ਤੁਹਾਡੀ ਅਤੇ ਮੰਮੀ ਦੀਆਂ ਮਨਪਸੰਦ ਯਾਦਾਂ ਦਾ ਸੰਗ੍ਰਹਿ ਹੈ? ਕੀ ਇਹ ਇੱਕ ਕਾਲਪਨਿਕ ਕਹਾਣੀ ਹੈ ਜਿਸ ਵਿੱਚ ਮੰਮੀ ਮੁੱਖ ਪਾਤਰ ਹਨ? ਜਾਂ ਕੀ ਇਹ ਇੱਕ ਅਜਿਹੀ ਕਿਤਾਬ ਹੈ ਜਿੱਥੇ ਹਰ ਅੱਖਰ ਤੁਹਾਡੇ ਮੰਮੀ ਦੀ ਖੂਬੀ ਨੂੰ ਦਰਸਾਉਂਦਾ ਹੈ। ਵਿਸ਼ਾ ਸਪਸ਼ਟ ਹੋਣ ਨਾਲ ਲਿਖਣਾ ਸੌਖਾ ਹੋ ਜਾਵੇਗਾ।

ਯੋਜਨਾ ਸਮੱਗਰੀ :

ਇੱਕ ਖਾਲੀ ਪੰਨੇ 'ਤੇ ਉਨ੍ਹਾਂ ਸਾਰੀਆਂ ਗੱਲਾਂ ਦੀ ਸੂਚੀ ਬਣਾਓ ਜੋ ਤੁਸੀਂ ਸ਼ਾਮਲ ਕਰਨਾ ਚਾਹੁੰਦੇ ਹੋ। ਉਦਾਹਰਣ ਵਜੋਂ

ਭੂਮਿਕਾ, ਕਿ ਤੁਸੀਂ ਇਹ ਕਿਤਾਬ ਆਪਣੀ ਮੰਮੀ ਨੂੰ ਕਿਉਂ ਦੇ ਰਹੇ ਹੋ? ਉਨ੍ਹਾਂ ਦੇ ਬਚਪਨ ਦੀ ਕੋਈ ਕਹਾਣੀ ਜੋ ਉਨ੍ਹਾਂ ਨੇ ਤੁਹਾਨੂੰ ਸੁਣਾਈ ਹੋਵੇ, ਲਿਖ ਸਕਦੇ ਹੋ। ਆਪਣੇ ਪਹਿਲੇ ਸਕੂਲ ਟੂਰ ਜਾਂ ਉਸ ਸ਼ਰਾਰਤ ਬਾਰੇ, ਜਿਸ ਤੋਂ ਉਨ੍ਹਾਂ ਨੇ ਤੁਹਾਨੂੰ ਬਚਾਇਆ ਹੋਵੇ। ਉਨ੍ਹਾਂ ਦੀ ਪਸੰਦ-ਨਾਪਸੰਦ ਬਾਰੇ ਲਿਖੋ।

ਫੋਟੋ ਫੀਚਰ ਭਾਗ :

ਕਹਾਣੀਆਂ, ਲੇਖ, ਯਾਦਾਂ ਜਾਂ ਟਿੱਪਣੀ ਦੇ ਨਾਲ ਇੱਕ ਥਾਂ ਤੇ ਫੋਟੋਆਂ ਨੂੰ ਸਾਈਡ 'ਤੇ ਜਾਂ ਪੰਨੇ ਦੇ ਵਿਚਕਾਰ ਚਿਪਕਾਓ। ਜਾਂ ਯਾਦਾਂ ਦੇ ਝਰੋਖੇ ਦੀ ਵਰਤੋਂ ਕਰੋ।

ਆਪਣੇ ਪੁਰਾਣੇ ਫੋਟੋ ਐਲਬਮ ਵੇਖੋ। ਉਹ ਫੋਟੋਆਂ ਚੁਣੋ ਜੋ ਤੁਹਾਡੀ ਅਤੇ ਤੁਹਾਡੇ ਮੰਮੀ ਦੀ ਇਕੱਠਿਆਂ ਦੀ ਹੈ। ਉਨ੍ਹਾਂ ਫੋਟੋਆਂ ਨਾਲ ਸੰਬੰਧਿਤ ਕਹਾਣੀ ਲਿਖੋ। ਉਦਾਹਰਣ ਵਜੋਂ ਇਹ ਫੋਟੋ ਉਸ ਵੇਲੇ ਦੀ ਹੈ ਜਦੋਂ ਤੁਸੀਂ ਇਕੱਠਿਆਂ ਕੇਕ ਬਣਾਇਆ ਸੀ ਅਤੇ ਸਾਰੀ ਰਸੋਈ ਖਰਾਬ ਹੋ ਗਈ ਸੀ। ਇਹ ਨਿੱਜੀ ਅਹਿਸਾਸ ਕਿਤਾਬ ਨੂੰ ਬਹੁਤ ਕੀਮਤੀ ਬਣਾ ਦੇਣਗੇ।

ਮੰਮੀ ਦੀ ਸੁਪਰ ਪਾਵਰ ਅਤੇ ਸਹਿਜਤਾ :

ਮਾਂ ਦੀਆਂ ਸੁਪਰਪਾਵਰਾਂ ਬਾਰੇ ਇੱਕ ਲੇਖ ਜਾਂ ਯਾਦਾਂ ਲਿਖੋ।

ਹਰ ਮਾਂ ਵਿੱਚ ਕੁਝ ਖਾਸ ਸ਼ਕਤੀਆਂ ਹੁੰਦੀਆਂ ਹਨ। ਕੀ ਉਹ ਤੁਹਾਡੀਆਂ ਗੁਆਚੀਆਂ ਚੀਜ਼ਾਂ ਨੂੰ ਇੱਕ ਪਲ ਵਿੱਚ ਲੱਭ ਲੈਂਦੇ ਹਨ? ਕੀ ਉਨ੍ਹਾਂ ਦੇ ਬਣਾਏ ਖਾਣੇ ਵਿੱਚ ਕੋਈ ਜਾਦੂ ਹੈ? ਜਾਂ ਕੀ ਉਹ ਤੁਹਾਡੇ ਉਦਾਸ ਹੋਣ ਤੇ ਬਿਨਾਂ ਦੱਸਿਆਂ ਸਮਝ ਜਾਂਦੇ ਹਨ? ਜਾਂ ਕੀ ਤੁਸੀਂ ਉਨ੍ਹਾਂ ਦੇ ਅਨੁਭਵਾਂ ਨੂੰ ਚਮਤਕਾਰੀ ਢੰਗ ਨਾਲ ਸੱਚ ਹੁੰਦੇ ਦੇਖਿਆ ਹੋਵੇਗਾ? ਤੁਸੀਂ ਉਨ੍ਹਾਂ ਨੂੰ ਮੁਸ਼ਕਲ ਸਥਿਤੀਆਂ 'ਤੇ ਕਾਬੂ ਪਾਉਂਦੇ ਦੇਖਿਆ ਹੈ? ਇਹਨਾਂ ਛੋਟੀਆਂ-ਛੋਟੀਆਂ ਗੱਲਾਂ ਨੂੰ "ਮੰਮੀ ਦੇ ਜਾਦੂਈ ਹੁਨਰ" ਜਾਂ "ਮੰਮੀ ਦੀਆਂ ਸੁਪਰਪਾਵਰਜ਼" ਸਿਰਲੇਖ ਹੇਠ ਲਿਖੋ।

ਕੁਝ ਚਿੱਤਰ ਵੀ ਸ਼ਾਮਲ ਕਰੋ :

ਹੱਥ ਨਾਲ ਬਣਾਈਆਂ ਗਈਆਂ ਕਲਾਕ੍ਰਿਤੀਆਂ ਅਤੇ ਚਿੱਤਰ ਕਿਤਾਬ ਨੂੰ ਇੱਕ ਨਿੱਜੀ ਅਹਿਸਾਸ ਦੇਣਗੇ।

ਇਹ ਜ਼ਰੂਰੀ ਨਹੀਂ ਕਿ ਤੁਹਾਡੀ ਡਰਾਇੰਗ ਬਹੁਤ ਚੰਗੀ ਹੋਵੇ।

ਨਿੱਕੇ ਸਕੈੱਚ, ਮਜ਼ਾਕੀਆ ਤਸਵੀਰਾਂ, ਕਾਰਟੂਨ, ਡੂਡਲ ਜਾਂ ਇੱਥੋਂ ਤੱਕ ਕਿ ਫੁੱਲ ਵੀ ਕਿਤਾਬ ਨੂੰ ਹੋਰ ਸ਼ਾਨਦਾਰ ਬਣਾ ਦੇਣਗੇ। ਤੁਸੀਂ ਰੰਗੀਨ ਸਕੈਚ ਪੈੱਨ, ਸਟਿੱਕਰ, ਜਾਂ ਗਲਿਟਰਜ਼ ਦੀ ਵਰਤੋਂ ਕਰਕੇ ਵੀ ਪੰਨਿਆਂ ਨੂੰ ਸਜਾ ਸਕਦੇ ਹੋ।

ਕੁਝ ਇੰਟਰਵਿਊ ਸ਼ਾਮਲ ਕਰੋ :

ਕਿਤਾਬ ਵਿੱਚ ਵਿਭਿੰਨਤਾ ਅਤੇ ਮਨੋਰੰਜਨ ਜੋੜਨ ਲਈ ਪਰਿਵਾਰ ਦੇ ਦੂਜੇ ਮੈਂਬਰਾਂ (ਜਿਵੇਂ ਕਿ ਪਿਤਾ ਜੀ, ਦਾਦਾ-ਦਾਦੀ, ਜਾਂ ਵੱਡੇ ਭੈਣ-ਭਰਾ) ਤੋਂ ਮਾਂ ਬਾਰੇ ਇੱਕ-ਇੱਕ ਸਵਾਲ ਪੁੱਛੋ। ਉਦਾਹਰਣ ਵਜੋਂ, "ਪਿਤਾ ਜੀ, ਮਾਂ ਬਾਰੇ ਸਭ ਤੋਂ ਵਧੀਆ ਗੱਲ ਕੀ ਹੈ?" ਉਨ੍ਹਾਂ ਦੇ ਜਵਾਬ ਇੱਕ ਵਿਸ਼ੇਸ਼ ਪੰਨੇ 'ਤੇ ਲਿਖੋ। ਇਸ ਨਾਲ ਮਾਂ ਨੂੰ ਪਤਾ ਲੱਗੇਗਾ ਕਿ ਹਰ ਕੋਈ ਉਸਨੂੰ ਕਿੰਨਾ ਪਿਆਰ ਕਰਦਾ ਹੈ। ਪਰ ਕਿਸੇ ਨੂੰ ਇਹ ਦੱਸਣ ਦੀ ਕੋਈ ਲੋੜ ਨਹੀਂ ਹੈ ਕਿ ਤੁਸੀਂ ਕਿਤਾਬ ਲਈ ਇਹ ਸਵਾਲ ਪੁੱਛ ਰਹੇ ਹੋ। ਜੇ ਸੰਭਵ ਹੋਵੇ ਤਾਂ ਉਨ੍ਹਾਂ ਦੀਆਂ ਟਿੱਪਣੀਆਂ ਦੇ ਨਾਲ ਸਾਰਿਆਂ ਦੀਆਂ ਫੋਟੋਆਂ ਵੀ ਸ਼ਾਮਲ ਕਰ ਸਕਦੇ ਹੋ।

ਇੱਕ ਕਵਿਤਾ ਜਾਂ ਪੈਰੋਡੀ ਲਿਖੋ :

ਜੇ ਤੁਹਾਨੂੰ ਕਵਿਤਾ ਪਸੰਦ ਹੈ ਤਾਂ ਮੰਮੀ ਲਈ 4-5 ਲਾਈਨਾਂ ਦੀ ਇੱਕ ਛੋਟੀ ਜਿਹੀ ਕਵਿਤਾ ਲਿਖੋ। ਜੇ ਤੁਸੀਂ ਕਵਿਤਾ ਨਹੀਂ ਲਿਖ ਸਕਦੇ ਤਾਂ ਮੰਮੀ ਦੀਆਂ ਕੁਝ ਮਨਪਸੰਦ ਗੱਲਾਂ ਲਿਖੋ (ਜਿਵੇਂ ਕਿ "ਜਲਦੀ ਸੌਂ ਜਾਓ," "ਪੜ੍ਹੋਗੇ ਲਿਖੋਗੇ ਤਾਂ ਚੰਗੇ ਇਨਸਾਨ ਬਣੋਗੇ," ਜਾਂ "ਹਰੀਆਂ ਸਬਜ਼ੀਆਂ ਖਾਓ" ਵਗੈਰਾ)। ਇਸਨੂੰ ਪੜ੍ਹਨ ਨਾਲ ਉਹ ਖੂਬ ਹੱਸਣਗੇ ਅਤੇ ਖੁਸ਼ੀ ਮਹਿਸੂਸ ਕਰਨਗੇ।

ਇੱਕ ਧੰਨਵਾਦੀ ਸੂਚੀ ਬਣਾਓ :

ਧੰਨਵਾਦ ਕਰਨ ਲਈ ਇੱਕ ਪੰਨਾ ਸਮਰਪਿਤ ਕਰੋ। ਉਨ੍ਹਾਂ ਸਾਰੀਆਂ ਛੋਟੀਆਂ ਚੀਜ਼ਾਂ ਲਈ ਧੰਨਵਾਦ ਕਹੋ ਜਿਨ੍ਹਾਂ ਨੂੰ ਅਸੀਂ ਅਕਸਰ ਨਜ਼ਰਅੰਦਾਜ਼ ਕਰਦੇ ਹਾਂ। ਜਿਵੇਂ ਕਿ ਤੁਹਾਨੂੰ ਸਵੇਰੇ ਜਗਾਉਣਾ, ਸਕੂਲ ਲਈ ਤਿਆਰ ਕਰਨਾ, ਹੋਮਵਰਕ ਵਿੱਚ ਮਦਦ ਕਰਨਾ, ਜਾਂ ਤੁਹਾਨੂੰ ਸੌਣ ਵੇਲੇ ਕਹਾਣੀ ਸੁਣਾਉਣਾ। ਇਹ ਹਿੱਸਾ ਮੰਮੀ ਦੇ ਦਿਲ ਨੂੰ ਛੂਹ ਲਵੇਗਾ।

ਆਕਰਸ਼ਕ ਕਵਰ ਅਤੇ ਬਾਈਡਿੰਗ:

ਕਿਤਾਬ ਦਾ ਕਵਰ ਸਭ ਤੋਂ ਪਹਿਲਾਂ ਦਿਖਾਈ ਦਿੰਦਾ ਹੈ, ਇਸ ਲਈ ਇਸਨੂੰ ਖਾਸ ਬਣਾਓ। ਗੱਤੇ ਜਾਂ ਆਰਟ ਪੇਪਰ ਦੀ ਵਰਤੋਂ ਕਰਕੇ ਇੱਕ ਮਜ਼ਬੂਤ ਕਵਰ ਬਣਾਓ। ਇਸ ਉੱਤੇ ਮੰਮੀ ਦੀ ਇੱਕ ਫੋਟੋ ਲਗਾਓ ਜਾਂ ਲਿਖੋ "ਦੁਨੀਆਂ ਦੀ ਸਭ ਤੋਂ ਪਿਆਰੀ ਮਾਂ।" ਪੰਨਿਆਂ ਨੂੰ ਇਕੱਠੇ ਕਰਨ/ਜੋੜਨ ਲਈ ਤੁਸੀਂ ਪੰਚਿੰਗ ਮਸ਼ੀਨ ਨਾਲ ਛੇਕ ਕਰਕੇ ਉਨ੍ਹਾਂ ਨੂੰ ਰੰਗੀਨ ਰਿਬਨ ਨਾਲ ਬੰਨ੍ਹ ਸਕਦੇ ਹੋ ਜਾਂ ਸਟੈਪਲ ਕਰਕੇ ਟੇਪ ਲਾ ਸਕਦੇ ਹੋ।

ਸਮਰਪਣ ਅਤੇ ਵਾਅਦੇ:

ਕਿਤਾਬ ਦੇ ਆਖਰੀ ਪੰਨੇ 'ਤੇ ਇੱਕ ਪਿਆਰਾ ਜਿਹਾ ਵਾਅਦਾ



ਲਿਖੋ। ਇਸਨੂੰ ਆਪਣੇ ਅਸਤਿਤਵ ਅਤੇ ਸਫਲਤਾ ਲਈ ਉਨ੍ਹਾਂ ਨੂੰ ਸਮਰਪਿਤ ਕਰੋ। ਉਦਾਹਰਣ ਵਜੋਂ, "ਮੈਂ ਵਾਅਦਾ ਕਰਦਾ ਹਾਂ ਕਿ ਮੈਂ ਤੁਹਾਡਾ ਕਹਿਣਾ ਮੰਨਾਂਗਾ" ਜਾਂ "ਮੈਂ ਹਮੇਸ਼ਾ ਤੁਹਾਨੂੰ ਮਾਣ ਦਿਵਾਵਾਂਗਾ।" ਆਪਣਾ ਨਾਮ ਅਤੇ ਤਾਰੀਖ ਸ਼ਾਮਲ ਕਰਨਾ ਨਾ ਭੁੱਲੋ ਤਾਂ ਜੋ ਉਹ ਸਾਲਾਂ ਬਾਅਦ ਵੀ ਉਸ ਦਿਨ ਨੂੰ ਯਾਦ ਰੱਖਣ, ਜਿਸ ਦਿਨ ਤੁਸੀਂ ਉਨ੍ਹਾਂ ਨੂੰ ਇਹ ਤੋਹਫ਼ਾ ਦਿੱਤਾ ਸੀ।

ਜਦੋਂ ਤੁਸੀਂ ਉਨ੍ਹਾਂ ਨੂੰ ਆਪਣੇ ਹੱਥਾਂ ਨਾਲ ਲਿਖੀ ਅਤੇ ਸਜਾਈ ਗਈ ਇਹ ਕਿਤਾਬ ਦਿਓਗੇ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਆਈ ਚਮਕ ਤੁਹਾਡੇ ਲਈ ਸਭ ਤੋਂ ਵੱਡਾ ਇਨਾਮ ਹੋਵੇਗੀ।

**ਮੂਲ: ਸ਼ਿਖਰ ਚੰਦ ਜੈਨ**
ਕੋਲਕਾਤਾ (ਪੱਛਮੀ ਬੰਗਾਲ)







Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਮੀਂਹ ਦਾ ਮਜ਼ਾ

ਪਰੁ ਅਤੇ ਸ਼ਿਵਾ ਦੋਵੇਂ ਭੈਣ-ਭਰਾ ਆਪਣੇ ਮਾਤਾ-ਪਿਤਾ ਨਾਲ ਸ਼ਹਿਰ ਵਿੱਚ ਰਹਿੰਦੇ ਸਨ। ਸ਼ਿਵਾ ਪਰੁ ਤੋਂ ਛੋਟਾ ਸੀ। ਪਰੁ ਦੀ ਉਮਰ 12 ਸਾਲ ਅਤੇ ਸ਼ਿਵਾ ਦੀ ਉਮਰ 5 ਸਾਲ ਸੀ। ਅੱਜ ਐਤਵਾਰ ਸੀ, ਇਸ ਲਈ ਬੱਚਿਆਂ ਦੇ ਸਕੂਲ ਦੀ ਛੁੱਟੀ ਸੀ।

ਸਵੇਰੇ-ਸਵੇਰੇ ਪਰੁ ਨੇ ਆਪਣੀ ਮਾਂ ਨੂੰ ਕਿਹਾ, "ਮਾਂ-ਮਾਂ, ਅੱਜ ਮੇਰਾ ਕੁਝ ਚਟਪਟਾ ਖਾਣ ਨੂੰ ਮਨ ਕਰ ਰਿਹਾ ਹੈ। ਤੁਸੀਂ ਮੇਰੇ ਲਈ ਕੀ ਬਣਾਓਗੇ?"

ਮਾਂ ਨੇ ਕਿਹਾ, "ਬਰਸਾਤ ਦਾ ਮੌਸਮ ਹੈ, ਤਾਂ ਕਿਉਂ ਨਾ ਮੈਂ ਤੇਰੇ ਲਈ ਪਕੌੜੇ ਬਣਾ ਦਿਆਂ?"

ਪਰੁ ਖੁਸ਼ ਹੋ ਕੇ ਬੋਲੀ, "ਹਾਂ-ਹਾਂ ਮਾਂ, ਮੈਨੂੰ ਪਕੌੜੇ ਬਣਾ ਦਿਓ।"

ਥੋੜ੍ਹੀ ਦੇਰ ਬਾਅਦ ਹੀ ਮਾਂ ਦੇ ਮੋਬਾਈਲ ਦੀ ਘੰਟੀ ਵੱਜੀ। ਮਾਂ ਨੇ ਫੋਨ ਚੁੱਕਿਆ ਤਾਂ ਫੋਨ ਪਰੁ ਦੀ ਮਾਸੀ ਦਾ ਸੀ, ਜੋ ਉਸੇ ਸ਼ਹਿਰ ਵਿੱਚ ਰਹਿੰਦੀ ਸੀ। ਮਾਸੀ ਨੇ ਕਿਸੇ ਜ਼ਰੂਰੀ ਕੰਮ ਲਈ ਮਾਂ ਨੂੰ ਆਪਣੇ ਘਰ ਬੁਲਾਇਆ ਸੀ।

ਫੋਨ ਰੱਖਣ ਤੋਂ ਬਾਅਦ ਮਾਂ ਨੇ ਪਰੁ ਨੂੰ ਕਿਹਾ, "ਬੇਟਾ, ਮੈਂ ਹੁਣ ਤੇਰੀ ਮਾਸੀ ਦੇ ਘਰ ਜਾ ਰਹੀ ਹਾਂ। ਉਨ੍ਹਾਂ ਨੂੰ ਕੁਝ ਜ਼ਰੂਰੀ ਕੰਮ ਹੈ। ਤੁਸੀਂ ਘਰ ਵਿੱਚ ਪਾਪਾ ਦੇ ਨਾਲ ਰਹਿਣਾ। ਮੈਂ ਜਲਦੀ ਵਾਪਸ ਆਉਣ ਦੀ ਕੋਸ਼ਿਸ਼ ਕਰਾਂਗੀ।"

ਮਾਂ ਸ਼ਿਵਾ ਨੂੰ ਨਾਲ ਲੈ ਕੇ ਮਾਸੀ ਦੇ ਘਰ ਚਲੀ ਗਈ। ਮਾਂ ਦੇ ਜਾਣ ਤੋਂ ਬਾਅਦ ਅਸਮਾਨ ਵਿੱਚ ਕਾਲੇ ਬੱਦਲ ਛਾ ਗਏ। ਮੌਸਮ ਬਹੁਤ ਸੁਹਾਵਣਾ ਹੋ ਗਿਆ। ਪਰੁ ਮੌਸਮ ਦਾ ਆਨੰਦ ਲੈ ਰਹੀ ਸੀ ਕਿ ਅਚਾਨਕ ਝਮਾਝਮ ਮੀਂਹ ਪੈਣ ਲੱਗ ਪਿਆ।

ਉਹ ਅੰਦਰ ਗਈ ਤਾਂ ਵੇਖਿਆ ਕਿ ਪਾਪਾ ਨੂੰ ਨੀਂਦ ਆ ਗਈ ਸੀ। ਉਸ ਨੇ ਪਾਪਾ ਨੂੰ ਜਗਾਇਆ ਨਹੀਂ ਅਤੇ ਮੁੜ ਬਾਹਰ ਆ ਕੇ ਮੀਂਹ ਦਾ ਮਜ਼ਾ ਲੈਣ ਲੱਗ ਪਈ। ਪਰੁ ਬਹੁਤ ਸਮਝਦਾਰ ਕੁੜੀ ਸੀ।

ਮੀਂਹ ਪੈਂਦੇ-ਪੈਂਦੇ ਕਾਫੀ ਸਮਾਂ ਹੋ ਗਿਆ। ਮੌਸਮ ਦੇਖ ਕੇ ਉਸ ਦਾ ਕੁਝ ਚਟਪਟਾ ਖਾਣ ਨੂੰ ਮਨ ਕਰਨ ਲੱਗ ਪਿਆ। ਉਸ ਨੂੰ ਭੁੱਖ ਵੀ ਬਹੁਤ ਲੱਗ ਰਹੀ ਸੀ। ਉਹ ਸੋਚਣ ਲੱਗੀ, "ਮੈਂ ਕੀ ਕਰਾਂ? ਮੰਮੀ ਨੇ ਮੈਨੂੰ ਕੜਾਹੀ ਚੜ੍ਹਾਉਣ ਤੋਂ ਮਨ੍ਹਾ ਕੀਤਾ ਹੋਇਆ ਹੈ। ਹੁਣ ਮੈਂ ਕੀ ਬਣਾਵਾਂ?"

ਉਹ ਇਸੇ ਸੋਚ ਵਿੱਚ ਸੀ ਕਿ ਫੋਨ ਦੀ ਘੰਟੀ ਵੱਜੀ। ਉਸ ਨੇ ਫੋਨ ਚੁੱਕਿਆ। ਸਾਹਮਣੇ ਉਸ ਦੀ ਸਹੇਲੀ ਅਨੁਸ਼੍ਰੀ ਸੀ।

ਅਨੁਸ਼੍ਰੀ ਨੇ ਪੁੱਛਿਆ, "ਕੀ ਹਾਲ-ਚਾਲ ਹਨ? ਸਕੂਲ ਦਾ ਕੰਮ ਹੋ ਗਿਆ?"

ਪਰੁ ਨੇ ਕਿਹਾ, "ਹੁਣ ਮੇਰਾ ਗੱਲ ਕਰਨ ਦਾ ਮਨ ਨਹੀਂ ਹੈ। ਮੈਂ ਤੈਨੂੰ ਬਾਅਦ ਵਿੱਚ ਫੋਨ ਕਰਾਂਗੀ।"

ਅਨੁਸ਼੍ਰੀ ਨੇ ਪੁੱਛਿਆ, "ਕਿਉਂ? ਕੀ ਗੱਲ ਹੈ? ਮੈਨੂੰ ਦੱਸ, ਹੋ ਸਕਦਾ ਹੈ ਮੈਂ ਤੇਰੀ ਮਦਦ ਕਰ ਸਕਾਂ।"

ਪਰੁ ਨੇ ਕਿਹਾ, "ਮੀਂਹ ਪੈ ਰਿਹਾ ਹੈ। ਮੇਰਾ ਕੁਝ ਚਟਪਟਾ ਖਾਣ ਨੂੰ ਮਨ ਕਰ ਰਿਹਾ ਹੈ। ਮਾਂ ਜਲਦੀ ਵਿੱਚ ਗਈ ਸੀ, ਇਸ ਲਈ ਮੇਰੇ ਲਈ ਕੁਝ ਬਣਾ ਕੇ ਨਹੀਂ ਗਈ। ਪਤਾ ਨਹੀਂ ਉਹ ਕਦੋਂ ਆਉਣਗੇ।"

ਅਨੁਸ਼੍ਰੀ ਬੋਲੀ, "ਮੈਂ ਤੈਨੂੰ ਇੱਕ ਵਧੀਆ ਜਿਹਾ ਤਰੀਕਾ ਦੱਸਦੀ ਹਾਂ। ਕੀ ਤੂੰ ਕਦੇ ਆਪਣੇ ਆਪ ਭੇਲਪੁਰੀ ਬਣਾਈ ਹੈ? ਇਹ ਬਹੁਤ ਹੀ ਸੁਆਦ ਹੁੰਦੀ ਹੈ। ਜਦੋਂ ਮੇਰਾ ਮਨ ਕਰਦਾ ਹੈ, ਮੈਂ ਵੀ ਬਣਾ ਕੇ ਖਾਂਦੀ ਹਾਂ ਅਤੇ ਸਭ ਨੂੰ ਖੁਆਉਂਦੀ ਹਾਂ। ਇਸ ਨੂੰ ਬਣਾਉਣਾ ਵੀ ਬਹੁਤ ਆਸਾਨ ਹੈ।"

ਪਰੁ ਨੇ ਪੁੱਛਿਆ, "ਕਿਵੇਂ?"

ਅਨੁਸ਼੍ਰੀ ਨੇ ਕਿਹਾ, "ਵੇਖ, ਕੀ ਤੇਰੇ ਫਰਿਜ ਵਿੱਚ ਉਬਲੇ ਹੋਏ ਆਲੂ, ਖੱਟੀ ਚਟਣੀ, ਮਿੱਠੀ ਚਟਣੀ ਅਤੇ ਟਮਾਟਰ ਹਨ?"

ਪਰੁ ਨੇ ਜਾ ਕੇ ਫਰਿਜ ਖੋਲ੍ਹਿਆ। ਸਾਰੀਆਂ ਚੀਜ਼ਾਂ ਮੌਜੂਦ ਸਨ।

ਉਹ ਬੋਲੀ, "ਹਾਂ, ਸੱਚਮੁੱਚ ਸਾਰੀਆਂ ਚੀਜ਼ਾਂ ਹਨ।"

ਅਨੁਸ਼੍ਰੀ ਨੇ ਕਿਹਾ, "ਚੰਗਾ, ਕੀ ਤੁਹਾਡੇ ਘਰ ਵਿੱਚ ਮੁਰਮੁਰੇ ਵੀ ਹਨ?"

ਪਰੁ ਬੋਲੀ, "ਹਾਂ, ਮਾਂ ਕੱਲ੍ਹ ਹੀ ਬਾਜ਼ਾਰ ਤੋਂ ਲਿਆਈ ਸੀ।"

ਅਨੁਸ਼੍ਰੀ ਬੋਲੀ, "ਫਿਰ ਆਪਣੀ ਲੋੜ ਮੁਤਾਬਕ ਮੁਰਮੁਰੇ ਲੈ ਲੈ। ਉਸ ਵਿੱਚ ਉਬਲੇ ਹੋਏ ਆਲੂ ਕੱਟ ਕੇ ਪਾ ਦੇ, ਖੱਟੀ ਚਟਣੀ, ਮਿੱਠੀ ਚਟਣੀ, ਟਮਾਟਰ, ਪਿਆਜ਼ ਅਤੇ ਥੋੜ੍ਹਾ ਜਿਹਾ ਧਨੀਆ ਪਾ ਕੇ ਚੰਗੀ ਤਰ੍ਹਾਂ ਮਿਲਾ ਲੈ। ਫਿਰ ਇਸ ਦਾ ਸੁਆਦ ਚੱਖੀਂ। ਯਾਦ ਰੱਖੀਂ, ਇਹ ਸਾਰੀਆਂ ਚੀਜ਼ਾਂ ਉਸੇ ਵੇਲੇ ਮਿਲਾਉਣੀਆਂ ਹਨ ਜਦੋਂ ਭੇਲਪੁਰੀ ਬਣਾਉਣੀ ਹੋਵੇ। ਆਪਣੇ ਸੁਆਦ ਅਨੁਸਾਰ ਮਸਾਲੇ ਵੀ ਪਾ ਸਕਦੀ ਹੈਂ। ਜੇ ਤੈਨੂੰ ਮਿੱਠੀ ਚਟਣੀ ਪਸੰਦ ਨਹੀਂ, ਤਾਂ ਸੌਸ ਵੀ ਪਾ ਸਕਦੀ ਹੈਂ।"

ਇਹ ਕਹਿ ਕੇ ਅਨੁਸ਼੍ਰੀ ਨੇ ਫੋਨ ਰੱਖ ਦਿੱਤਾ।

ਪਰੁ ਨੇ ਵੀ ਬਿਲਕੁਲ ਉਸ ਦੇ ਦੱਸੇ ਅਨੁਸਾਰ ਭੇਲਪੁਰੀ ਤਿਆਰ ਕੀਤੀ। ਜਦੋਂ ਉਸ ਨੇ ਇਸ ਦਾ ਸੁਆਦ ਚੱਖਿਆ ਤਾਂ ਉਸ ਨੂੰ ਬਹੁਤ ਮਜ਼ੇਦਾਰ ਲੱਗੀ। ਭੇਲਪੁਰੀ ਥੋੜ੍ਹੀ ਵੱਧ ਬਣ ਗਈ ਸੀ।

ਇਸੇ ਵੇਲੇ ਉਸ ਦੇ ਪਾਪਾ ਵੀ ਉੱਠ ਕੇ ਬਾਹਰ ਆ ਗਏ। ਉਨ੍ਹਾਂ ਨੇ ਵੇਖਿਆ ਕਿ ਪਰੁ ਕੁਝ ਖਾ ਰਹੀ ਹੈ।

ਪਾਪਾ ਨੇ ਪੁੱਛਿਆ, "ਬੇਟਾ, ਤੂੰ ਕੀ ਖਾ ਰਹੀ ਹੈਂ?"

ਪਰੁ ਨੇ ਕਿਹਾ, "ਪਾਪਾ, ਮੈਂ ਆਪਣੀ ਸਹੇਲੀ ਅਨੁਸ਼੍ਰੀ ਦੇ ਦੱਸੇ ਅਨੁਸਾਰ ਭੇਲਪੁਰੀ ਬਣਾਈ ਹੈ। ਕੀ ਤੁਸੀਂ ਵੀ ਖਾਓਗੇ?"

ਪਾਪਾ ਨੇ ਕਿਹਾ, "ਜੇ ਜ਼ਿਆਦਾ ਹੈ ਤਾਂ ਮੈਨੂੰ ਵੀ ਥੋੜ੍ਹੀ ਦੇ ਦੇ।"

ਭੇਲਪੁਰੀ ਤਾਂ ਕਾਫੀ ਬਣ ਗਈ ਸੀ। ਪਰੁ ਨੇ ਬਚੀ ਹੋਈ ਭੇਲਪੁਰੀ ਪਾਪਾ ਨੂੰ ਦੇ ਦਿੱਤੀ।

ਪਾਪਾ ਨੇ ਖਾ ਕੇ ਕਿਹਾ, "ਬੇਟਾ, ਭੇਲਪੁਰੀ ਤਾਂ ਬਹੁਤ ਸੁਆਦ ਬਣੀ ਹੈ। ਮਜ਼ਾ ਆ ਗਿਆ!"

ਪਾਪਾ ਦੇ ਮੂੰਹੋਂ ਆਪਣੀ ਤਾਰੀਫ਼ ਸੁਣ ਕੇ ਪਰੁ ਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ।

ਸਿੱਖਿਆ:ਸਮਝਦਾਰੀ, ਸਵੈ-ਨਿਰਭਰਤਾ ਅਤੇ ਦੋਸਤਾਂ ਦੀ ਸਹੀ ਸਲਾਹ ਸਾਡੀ ਛੋਟੀ ਜਿਹੀ ਸਮੱਸਿਆ ਨੂੰ ਵੀ ਆਸਾਨੀ ਨਾਲ ਹੱਲ ਕਰ ਸਕਦੀ ਹੈ।

**ਲਕਸ਼ਮੀ ਕਾਨੋਡੀਆ**
**ਖੁਰਜਾ,ਉੱਤਰ ਪ੍ਰਦੇਸ਼**
**9258441297**




SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702





RE/MAX EXECUTIVE

ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Imperial Spice
Resturant Bar & Banquet Hall
Vibrant flavors of
North and South Indian cuisine.
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੇ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# ਨਸ਼ਿਆਂ ਦੇ ਆਦੀ

ਨੌਜਵਾਨ ਕੁਰਾਹੇ ਪੈ ਗਏ ਨੇ,
ਉਹ ਦਿਲ ਲਾ ਕੇ ਪੜ੍ਹਨ ਦੀ ਥਾਂ
ਨਸ਼ਿਆਂ ਦੇ ਆਦੀ ਹੋ ਗਏ ਨੇ।
ਗੁਰੂ ਘਰਾਂ ਨੂੰ ਜਾਂਦੇ ਬਥੇਰੇ ਨੇ,
ਬਾਣੀ ਤੇ ਅਮਲ ਕੀਤੇ ਬਿਨਾਂ
ਮਿੱਤਰੋ ਨਾ ਹੋਣੇ ਨਬੇੜੇ ਨੇ।
ਜਿੱਤ ਕੇ ਬਹੁਤਾ ਖੁਸ਼ ਹੋਈਦਾ ਨ੍ਹੀ,
ਹਰਦੇ ਵੀ ਬੰਦੇ ਹੁੰਦੇ ਆ
ਹਰ ਕੇ ਬਹੁਤਾ ਰੋਈਦਾ ਨ੍ਹੀ।
ਚੋਰ ਤੇ ਲੁਟੇਰੇ ਚਾਰੇ ਪਾਸੇ ਨੇ,
ਇਨ੍ਹਾਂ ਦੇ ਕਾਰਨਾਮੇ ਸੁਣ ਕੇ
ਬਹੁਤਿਆਂ ਨੂੰ ਆਉਂਦੇ ਨਾ ਹਾਸੇ ਨੇ।
ਜੱਗ ਤੋਂ ਸਭ ਨੇ ਤੁਰ ਜਾਣਾ ਏਂ,
ਚੰਗੇ ਕੰਮ ਕਰਨ ਵਾਲਾ ਹੀ
ਲੋਕਾਂ ਨੂੰ ਯਾਦ ਆਣਾ ਏਂ।
ਘਰ ਗਰੀਬ ਦਾ ਢਹਿ ਗਿਆ ਏ,
ਦੋ ਵੇਲੇ ਦੀ ਰੋਟੀ ਮਿਲਦੀ ਨਹੀਂ ਸੀ
ਹੁਣ ਨਵਾਂ ਪੰਗਾ ਪੈ ਗਿਆ ਏ।
ਖੁਸ਼ੀ ਮਹਿਲੀਂ ਨਾ ਵੱਸਦੀ ਏ,
ਸਬਰ ਤੇ ਸੰਤੋਖ ਹੋਵੇ ਜਿਸ ਕੋਲ
ਇਹ ਉਸ ਦੇ ਪੈਰਾਂ 'ਚ ਡਿੱਗਦੀ ਏ।



ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਵਜਰਾ ਆਸਣ: ਗਰਮੀ ਦੇ ਮੌਸਮ ਵਿੱਚ ਸਿਹਤ ਦਾ ਅਨਮੋਲ ਵਰਦਾਨ

ਗਰਮੀ ਦੇ ਇਸ ਮੌਸਮ ਵਿੱਚ ਜਿੱਥੇ ਤਾਪਮਾਨ ਸਰੀਰ ਨੂੰ ਥਕਾਵਟ, ਬੇਚੈਨੀ ਅਤੇ ਪਾਚਨ ਸੰਬੰਧੀ ਸਮੱਸਿਆਵਾਂ ਵੱਲ ਧੱਕਦਾ ਹੈ, ਉੱਥੇ ਯੋਗ ਦਾ ਇੱਕ ਸਰਲ "ਵਜਰਾ ਆਸਣ" ਜ਼ੋ ਗਰਮੀ ਦੇ ਮੌਸਮ ਵਿੱਚ ਸਿਹਤ ਲਈ ਅਨਮੋਲ ਵਰਦਾਨ ਸਾਬਤ ਹੋ ਸਕਦਾ ਹੈ। ਭੋਜਨ ਕਰਨ ਤੋਂ ਬਾਅਦ ਸਿਰਫ਼ 5 ਤੋਂ 10 ਮਿੰਟ ਵਜਰਾ ਆਸਣ ਵਿੱਚ ਬੈਠਣ ਨਾਲ ਪਾਚਨ ਕਿਰਿਆ ਸੁਧਰਦੀ ਹੈ, ਸਰੀਰ ਵਿੱਚ ਊਰਜਾ ਦਾ ਸੰਤੁਲਨ ਬਣਿਆ ਰਹਿੰਦਾ ਹੈ ਅਤੇ ਗਰਮੀ ਕਾਰਨ ਹੋਣ ਵਾਲੀ ਅਸਹਿਜਤਾ ਘਟਦੀ ਹੈ। ਅੱਜ ਦੀ ਦੌੜ-ਭੱਜ ਭਰੀ ਜ਼ਿੰਦਗੀ ਵਿੱਚ ਹਰ ਮਨੁੱਖ ਕਿਸੇ ਨਾ ਕਿਸੇ ਸਰੀਰਕ ਸਮੱਸਿਆ ਨਾਲ ਜੂਝ ਰਿਹਾ ਹੈ।

ਕਦੇ ਪੇਟ ਦੀ ਗੈਸ, ਕਦੇ ਪਾਚਨ ਦੀ ਕਮਜ਼ੋਰੀ, ਕਦੇ ਰੀੜ੍ਹ ਦੀ ਹੱਡੀ ਦਾ ਦਰਦ, ਤਾਂ ਕਦੇ ਗੋਡਿਆਂ ਤੇ ਗਿੱਟਿਆਂ ਦੇ ਜੋੜਾਂ ਦੀ ਤਕਲੀਫ਼। ਅਜਿਹੇ ਸਮੇਂ ਵਿੱਚ ਜੇ ਕੋਈ ਸੌਖਾ, ਬਿਨਾਂ ਖਰਚੇ ਵਾਲਾ ਅਤੇ ਪ੍ਰਭਾਵਸ਼ਾਲੀ ਉਪਾਅ ਵਾਲਾ ਆਸਣ ਹੈ ਤਾਂ ਉਹ ਹੈ, "ਵਜਰਾ ਆਸਣ"। ਯੋਗ ਵਿਦਿਆ ਵਿੱਚ ਵਜਰਾ ਆਸਣ ਨੂੰ ਬਹੁਤ ਹੀ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਆਸਣ ਮੰਨਿਆ ਗਿਆ ਹੈ। ਯੋਗ ਵਿੱਦਿਆ ਅਨੁਸਾਰ"ਵਜਰ" ਉਸ ਦਿਵਿਆ ਹਥਿਆਰ ਨੂੰ ਕਿਹਾ ਜਾਂਦਾ ਸੀ ਜਿਸ ਨਾਲ ਦੇਵਤਿਆਂ ਨੇ ਅਸੁਰਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਜੋਗ ਮਤ ਅਨੁਸਾਰ ਇਹ ਵਜਰ ਰਿਸ਼ੀ ਦਧੀਚੀ ਦੀਆਂ ਹੱਡੀਆਂ ਨਾਲ ਬਣਾਇਆ ਗਿਆ ਸੀ। ਇਸੇ ਕਰਕੇ ਇਸ ਆਸਣ ਨੂੰ ਵੀ ਅਦਭੁਤ ਤਾਕਤ ਅਤੇ ਸਿਹਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਵਜਰਾ ਆਸਣ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਹ ਭੋਜਨ ਕਰਨ ਤੋਂ ਬਾਅਦ ਵੀ ਕੀਤਾ ਜਾ ਸਕਦਾ ਹੈ। ਆਮ ਤੌਰ 'ਤੇ ਹੋਰ ਆਸਣ ਖਾਲੀ ਪੇਟ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ, ਪਰ ਵਜਰਾ ਆਸਣ ਖਾਣੇ ਤੋਂ ਬਾਅਦ ਬੈਠਣ ਨਾਲ ਪਾਚਨ ਪ੍ਰਣਾਲੀ ਨੂੰ ਮਜ਼ਬੂਤ ਕਰਦਾ ਹੈ ਅਤੇ ਭੋਜਨ ਨੂੰ ਜਲਦੀ ਹਜ਼ਮ ਕਰਨ ਵਿੱਚ ਸਹਾਇਕ ਹੁੰਦਾ ਹੈ। ਇਸ ਨਾਲ ਅਮਲਪਿੱਤ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਵਿੱਚ ਵੀ ਕਾਫ਼ੀ ਲਾਭ ਮਿਲਦਾ ਹੈ।ਇਹ ਆਸਣ ਪੈਲਵਿਕ ਹਿੱਸੇ ਨੂੰ ਮਜ਼ਬੂਤ ਬਣਾਉਂਦਾ ਹੈ, ਰੀੜ੍ਹ ਦੀ ਹੱਡੀ ਨੂੰ ਸਿੱਧਾ ਅਤੇ ਲਚਕੀਲਾ ਰੱਖਦਾ ਹੈ ਅਤੇ ਗੋਡਿਆਂ-ਗਿੱਟਿਆਂ ਦੇ ਜੋੜਾਂ ਨੂੰ ਤਾਕਤ ਪ੍ਰਦਾਨ ਕਰਦਾ ਹੈ। ਨਿਯਮਿਤ ਅਭਿਆਸ ਨਾਲ ਸਰੀਰ ਵਿੱਚ ਨਵੀਂ ਤਾਜ਼ਗੀ ਅਤੇ ਮਨ ਵਿੱਚ ਸ਼ਾਂਤੀ ਦਾ ਅਹਿਸਾਸ ਹੁੰਦਾ ਹੈ।

ਵਜਰਾ ਆਸਣ ਕਰਨ ਦੀ ਵਿਧੀ

ਸਭ ਤੋਂ ਪਹਿਲਾਂ ਇੱਕ ਚਟਾਈ ਜਾਂ ਦਰੀ ਜ਼ਮੀਨ 'ਤੇ ਵਿਛਾ ਲਓ। ਹੁਣ ਦੋਵੇਂ ਲੱਤਾਂ ਨੂੰ ਮੋੜ ਕੇ ਗੋਡਿਆਂ ਦੇ ਭਾਰ ਬੈਠ ਜਾਓ। ਪੈਰਾਂ ਦੇ ਅੰਗੂਠੇ ਆਪਸ ਵਿੱਚ ਮਿਲੇ ਹੋਣ ਅਤੇ ਅੱਡੀਆਂ ਕੁਝ ਬਾਹਰ ਵੱਲ ਰਹਿਣ। ਫਿਰ ਹੌਲੀ-ਹੌਲੀ ਆਪਣੇ ਨਿਤੰਬ ਅੱਡੀਆਂ ਦੇ ਵਿਚਕਾਰ ਟਿਕਾ ਲਓ। ਰੀੜ੍ਹ ਦੀ ਹੱਡੀ ਨੂੰ ਬਿਲਕੁਲ ਸਿੱਧਾ ਰੱਖੋ, ਜਿਵੇਂ ਕੋਈ ਤੀਰ ਹੋਵੇ। ਦੋਵੇਂ ਹੱਥ ਪੱਟਾਂ 'ਤੇ ਟਿਕਾ ਕੇ ਆਰਾਮ ਨਾਲ ਸਾਹ ਲਓ। ਗਰਦਨ ਅਤੇ ਸਿਰ ਸਿੱਧੇ ਰੱਖਦਿਆਂ ਸਾਹਮਣੇ ਵੱਲ ਧਿਆਨ ਕੇਂਦਰਿਤ ਕਰੋ। ਸਰੀਰ ਨੂੰ ਪੂਰੀ ਤਰ੍ਹਾਂ ਢਿੱਲਾ ਛੱਡ ਦਿਓ ਅਤੇ ਜਿੰਨਾ ਸਮਾਂ ਆਸਾਨੀ ਨਾਲ ਬੈਠ ਸਕੋ, ਬੈਠੇ ਰਹੋ।

ਕੁਝ ਹੀ ਦਿਨਾਂ ਦੇ ਅਭਿਆਸ ਨਾਲ ਤੁਸੀਂ ਮਹਿਸੂਸ ਕਰੋਗੇ ਕਿ ਪਾਚਨ ਪ੍ਰਣਾਲੀ ਸੁਚੱਜੀ ਹੋ ਰਹੀ ਹੈ, ਸਰੀਰ ਹਲਕਾ ਮਹਿਸੂਸ ਹੁੰਦਾ ਹੈ ਅਤੇ ਰੀੜ੍ਹ ਦੀ ਹੱਡੀ ਵਿੱਚ ਮਜ਼ਬੂਤੀ ਆ ਰਹੀ ਹੈ।ਵਜਰਾ ਆਸਣ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਸ ਲਈ ਨਾ ਕੋਈ ਮਹਿੰਗਾ ਸਾਜ਼ੋ-ਸਾਮਾਨ ਚਾਹੀਦਾ ਹੈ ਅਤੇ ਨਾ ਹੀ ਕਿਸੇ ਵੱਡੇ ਖਰਚੇ ਦੀ ਲੋੜ। ਇਹ ਸਿਹਤ ਦਾ ਇੱਕ ਐਸਾ ਅਨਮੋਲ ਤੋਹਫ਼ਾ ਹੈ ਜੋ ਕੁਦਰਤ ਨੇ ਸਾਨੂੰ ਮੁਫ਼ਤ ਵਿੱਚ ਦਿੱਤਾ ਹੈ।ਆਓ, ਹਰ ਸਵੇਰ ਕੁਝ ਮਿੰਟ "ਵਜਰਾ ਆਸਣ" ਨੂੰ ਦੇ ਕੇ ਆਪਣੇ ਸਰੀਰ ਨੂੰ ਤੰਦਰੁਸਤ, ਮਨ ਨੂੰ ਸ਼ਾਂਤ ਅਤੇ ਜੀਵਨ ਨੂੰ ਖੁਸ਼ਹਾਲ ਬਣਾਈਏ ।



ਰਾਜਿੰਦਰ ਸਿੰਘ 'ਰਾਜਨ'
ਪਠਾਨਕੋਟ
9417427656

LARRY T. NIERMEYER
Attorney at Law




OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


Pal Films Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

web -www.globaldrugtestinginc@gmail.com email -info@globaltruckpermits.com

ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ

GLOBAL TRUCK PERMITS

ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



DOT Drug Testing | Compliance Services | Driver Hiring
Driver Files | Safety Audit | Clearing House | Driver Management





“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”

ਰਾਜਿੰਦਰ ਟਾਂਡਾ

ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988

Address: 159 Darcy Pkwy Lathrop, CA 95330





ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

(510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments, For any Disease, at any Age Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899      (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

## ਅੰਗ 225

ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥ ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥੧੧॥ ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥ {ਪੰਨਾ 225}

ਭਾਵ ਅਰਥ:-

ਦੁਰਯੋਧਨ ਨੇ ਅਹੰਕਾਰ ਵੱਸ ਆਪਣੀ ਪੱਤ ਲੁਟਾ ਲਈ ਕਿਉਂਕਿ ਉਸ ਨੇ ਪ੍ਰਭੂ ਰਾਮ ਨੂੰ ਨਹੀਂ ਪਛਾਣਿਆ, ਉਹਦਾ ਨਾਮ ਨਹੀਂ ਜਪਿਆ, ਇਸ ਤਰਾਂ ਦੁੱਖਾਂ ਵਿੱਚ ਗਲਤਾਨ ਹੋ ਕੇ ਦੁੱਖਾਂ ਵਿੱਚ ਹੀ ਖਪ ਗਿਆ॥੯॥

ਜਨਮੇਜਾ ਇਕ ਰਾਜਾ ਸੀ, ਉਸ ਦੇ ਪਿਤਾ ਨੂੰ ਇੱਕ ਸੱਪ ਨੇ ਡੰਗ ਮਾਰ ਕੇ ਮਾਰ ਦਿੱਤਾ ਸੀ, ਬਦਲੇ ਵਜੋਂ ਉਸ ਨੇ ਜਗ ਰਚ ਕੇ ਬਹੁਤ ਸਾਰੇ ਸੱਪਾਂ ਨੂੰ ਉਸ ਯਗ ਕੁੰਡ ਵਿੱਚ ਜਲਾ ਦਿੱਤਾ ।ਇੱਕ ਹੋਰ ਘਟਨਾ ਹੈ ਉਸ ਨੇ ਰਿਸ਼ੀ ਵਿਆਸ ਦੇ ਕਹਿਣ ਤੇ ਇੱਕ ਹੋਰ ਯੱਗ ਕੀਤਾ। ਜਿਥੇ ਵਿਰਾਜੇ ਬ੍ਰਾਹਮਣਾਂ ਨੇ ਜਨਮੇਜੇ ਦੀ ਪਤਨੀ ਦੇ ਪਾਏ ਪਤਲੇ ਵਸਤਰਾਂ ਉੱਤੇ ਪਰਹਾਸ ਕੀਤਾ, ਜਿਨਾਂ ਦੀ ਉਸਨੇ ਹੱਤਿਆ ਕਰ ਦਿੱਤੀ ।ਮੁੜ ਕੇ ਉਸਨੇ ਮਹਾਂਭਾਰਤ ਦੀ ਕਥਾ ਸੁਣੀ ,ਜਿਸਦਾ ਸਦਕਾ ਇਸਦੇ ਹੋਇਆ ਕੋੜ ਠੀਕ ਹੋ ਗਿਆ । ਪਰ ਅੰਤ ਨੂੰ ਫਿਰ ਇਸਨੇ ਸ਼ੱਕ ਕੀਤਾ ਅਤੇ ਅੰਗੂਠੇ ਤੇ ਉਹ ਕੋੜ ਠਹਿਰ ਗਿਆ। ਮੁੜ ਕੇ ਪਛਤਾਉਂਦਾ ਰਿਹਾ॥੧੦॥

ਅੱਗੇ ਕੰਸ ਜਿਹਾ ਚੰਡਾਲ ਕੋਈ ਨੀ ਹੋਇਆ, ਪਰਮਾਤਮਾ ਨੂੰ ਨੀ ਪਛਾਣਿਆ ,ਨਾਮ ਸਿਮਰਨ ਨਹੀਂ ਕੀਤਾ ਤੇ ਅੰਤ ਨੂੰ ਪਛਤਾਇਆ। ਪਰਮਾਤਮਾ ਤੋਂ ਬਿਨਾਂ ਹੋਰ ਕੋਈ ਰਖਵਾਲਾ ਨਹੀਂ॥੧੧॥

ਹੇ ਭਾਈ ! ਜਦੋਂ ਤੱਕ ਤੁਸੀਂ ਗੁਰੂ ਧਾਰਨ ਨਹੀਂ ਕਰਦੇ, ਤਾਂ ਹੰਕਾਰ ਵਾਲਾ ਰੋਗ ਖਤਮ ਨਹੀਂ ਹੋ ਸਕਦਾ। ਗੁਰੂ ਦੁਆਰਾ ਦਿੱਤੀ ਹੋਈ ਮਤ ਉਸ ਪਰਮਾਤਮਾ ਦਾ ਨਾਮ ਸਿਮਰਨ ਨੂੰ ,ਧਰਮ ਮਨ ਦੇ ਧੀਰਜਮਈ ਅਵਸਥਾ ਨੂੰ ਜਨਮ ਦਿੰਦਾ ਹੈ। ਦਾਸ ਨਾਨਕ ਅਰਜੋਈ ਕਰਦੇ ਹਨ, ਕਿ ਇੱਕੋ ਇੱਕ ਪਰਮਾਤਮਾ ਦਾ ਨਾਮ ਹੀ ਹੈ ਜਿਸ ਨੂੰ ,ਹੇ ਬੰਦਿਆ ਧਿਉਣਾ ਕਰ।( ਤਾਂ ਕਿ ਜਨਮ ਸਫਲ ਹੋ ਸਕੇ)॥੧੨॥

ਗਉੜੀ ਮਹਲਾ ੧ ॥

ਚੋਆ ਚੰਦਨੁ ਅੰਕਿ ਚੜਾਵਉ ॥ ਪਾਟ ਪਟੰਬਰ ਪਹਿਰਿ ਹਢਾਵਉ ॥ ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥੧॥ ਕਿਆ ਪਹਿਰਉ ਕਿਆ ਓਢਿ ਦਿਖਾਵਉ ॥ ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ ਰਹਾਉ ॥ ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ ਲਾਲ ਨਿਹਾਲੀ ਫੂਲ ਗੁਲਾਲਾ ॥ ਬਿਨੁ ਜਗਦੀਸ ਕਹਾ ਸੁਖੁ ਭਾਲਾ ॥੨॥ ਨੈਨ ਸਲੋਨੀ ਸੁੰਦਰ ਨਾਰੀ ॥ ਖੋੜ ਸੀਗਾਰ ਕਰੈ ਅਤਿ ਪਿਆਰੀ ॥ ਬਿਨੁ ਜਗਦੀਸ ਭਜੇ ਨਿਤ ਖੁਆਰੀ ॥੩॥ ਦਰ ਘਰ ਮਹਲਾ ਸੇਜ ਸੁਖਾਲੀ ॥ ਅਹਿਨਿਸਿ ਫੂਲ ਬਿਛਾਵੈ ਮਾਲੀ ॥ ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥੪॥ ਹੈਵਰ ਗੈਵਰ ਨੇਜੇ ਵਾਜੇ ॥ ਲਸਕਰ ਨੇਬ ਖਵਾਸੀ ਪਾਜੇ ॥ ਬਿਨੁ ਜਗਦੀਸ ਝੂਠੇ ਦਿਵਾਜੇ ॥੫॥ ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥ ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥ ਬਿਨੁ ਜਗਦੀਸ ਕਹਾ ਸਚੁ ਪਾਵਉ ॥੬॥ ਖਾਨੁ ਮਲੂਕੁ ਕਹਾਵਉ ਰਾਜਾ ॥ ਅਬੇ ਤਬੇ ਕੂੜੇ ਹੈ ਪਾਜਾ ॥ ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥੭॥ ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥ ਗੁਰਮਤਿ ਜਾਨਿਆ ਰਿਦੈ ਮੁਰਾਰੀ ॥ ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥ {ਪੰਨਾ 225}

ਭਾਵ ਅਰਥ:-

ਹੇ ਭਾਈ ! ਭਾਵੇਂ ਆਪਣੇ ਸਰੀਰ ਨੂੰ ਤਰ੍ਹਾਂ ਤਰ੍ਹਾਂ ਦੇ ਚੰਦਨ ਵਰਗੀਆਂ ਸੁਗੰਧੀਆਂ ਵਾਲੀਆਂ ਵਸਤੂਆਂ ਨਾਲ ਮਹਿਕਾ ਲੈ, ਤਰ੍ਹਾਂ ਤਰ੍ਹਾਂ ਦੇ ਸੁੰਦਰ ਵਸਤਰ ਪਹਿਨ ਲੈ (ਪਰ ਸੁਖ ਨਹੀ ਮਿਲਦਾ) ਇਹ ਤਾਂ ਸਿਰਫ ਪ੍ਰਭੂ ਬੰਦਗੀ, ਨਾਮ ਸਿਮਰਨ ਨਾਲ ਹੀ ਮਿਲ ਸਕਦਾ ਹੈ॥੧॥

ਤਰ੍ਹਾਂ ਤਰ੍ਹਾਂ ਦੇ ਪਹਿਨਾਵੇ ਪਾ ਕੇ ਤੂੰ ਕਿਹਨੂੰ ਦਿਖਾਉਂਦਾ ਹੈਂ ,ਉਸ ਜਗਦੀਸ਼ ਪ੍ਰਭੂ ਦੇ ਨਾਮ ਸਿਮਰਨ ਜਾਂ ਲਿਵ ਲਾਉਣ ਤੋਂ ਬਿਨਾ ਸੁੱਖ ਨਹੀਂ ਮਿਲ ਸਕਦਾ ਹੈ?॥੧॥ ਰਹਾਉ॥

ਹੇ ਭਾਈ ,ਭਾਂਵੇ ਤੂੰ ਕੰਨਾਂ ਵਿੱਚ ਸੋਹਣੇ ਸੁੰਦਰ ਕੁੰਡਲ ਪਾ ਲੈ, ਗਲ ਵਿੱਚ ਮੋਤੀਆਂ ਦੀ ਮਾਲਾ ਧਾਰਨ ਕਰ ਲੈ, ਲਾਲ ਸੁਰਖ ਫੁੱਲਾਂ ਦੇ ਬਾਗਾਂ ਨੂੰ ਰੋਜ ਤੱਕਣਾ ਸ਼ੁਰੂ ਕਰਕੇ ਮਨ ਨੂੰ ਖੁਸ਼ੀਆਂ ਦੇ ਲੈ, ਪਰ ਫਿਰ ਵੀ ਪ੍ਰਭੂ ਪਰਮਾਤਮਾ ਦੇ ਨਾਮ ਤੋਂ ਬਿਨਾਂ ਸੁਖ ਨਹੀਂ ਮਿਲ ਸਕਦਾ॥੨॥

ਇਸ ਤੋਂ ਵੀ ਅੱਗੇ ਸੁੰਦਰ ਨੈਣਾਂ ਵਾਲੀ ਸੁੰਦਰ ਔਰਤ ਨੂੰ ਮਾਣ ਲੈ, ਜਿਹੜੀ ਤਰ੍ਹਾਂ ਤਰ੍ਹਾਂ ਦੇ ਖੂਬਸੂਰਤ ਸ਼ਿੰਗਾਰ ਕਰਦੀ ਹੈ ਅਤੇ ਤੈਨੂੰ ਚੰਗੀ ਲੱਗਦੀ ਹੈ, ਫਿਰ ਵੀ ਉਸ ਜਗਦੀਸ਼ ਪ੍ਰਭੂ ਦੇ ਨਾਮ ਤੋਂ ਬਿਨਾਂ ਖੱਜਲ ਖੁਆਰੀ ਹੀ ਮਿਲਦੀ ਹੈ॥੩॥

ਸੁੰਦਰ ਘਰ ਮਹਲ ਅਤੇ ਸੁੰਦਰ ਸੇਜ ਤੈਨੂੰ ਮਿਲੀ ਹੋਈ ਹੋਵੇ, ਉਸ ਸੇਜ ਉੱਤੇ ਹਰ ਰੋਜ ਮਾਲੀ ਖੂਬਸੂਰਤ ਫੁੱਲ ਵਿਛਾ ਦਵੇ ਪਰ ਉਸ ਪਰਮਾਤਮਾ ਦੇ ਨਾਮ ਸਿਮਰਨ ਤੋਂ ਬਗੈਰ ਪੂਜਾ, ਤੋਂ ਬਗੈਰ ਇਹ ਸੇਜ ਸਰੀਰ ਨੂੰ ਦੁੱਖ ਹੀ ਦਿੰਦੀ ਹੈ॥੪॥

ਹੇ ਭਾਈ, ਤੂੰ ਆਪਣੇ ਕੋਲ ਹਾਥੀ ਘੋੜੇ ਅਤੇ ਤਰ੍ਹਾਂ ਤਰ੍ਹਾਂ ਦੇ ਮਾਰੂ ਹਥਿਆਰ ਰੱਖ ਲੈ, ਵੱਡੀਆਂ ਵੱਡੀਆਂ ਫੌਜਾਂ ਅਤੇ ਉਹਨਾਂ ਦੇ ਵੱਡੇ ਵੱਡੇ ਅਹੁਦਿਆਂ ਉੱਤੇ ਸਿਪਾਹੀ ਤੈਨਾਤ ਕਰ ਲੈ, ਪਰ ਪਰਮਾਤਮਾ ਨੂੰ ਯਾਦ ਰੱਖਣ ਤੋਂ ਬਿਨ੍ਹਾਂ ਇਹ ਸਭ ਕੁਝ ਬੇਕਾਰ ਹੈ॥੫॥

ਤੂੰ ਆਪਣੇ ਆਪ ਨੂੰ ਸਿੱਧ ਪੁਰਸ਼ ਅਖਵਾ ਲੈ, ਰਿੱਧੀਆਂ ਸਿੱਧੀਆਂ ਨੂੰ ਆਪਣੇ ਵੱਸ ਕਰ ਲੈ, ਆਪਣੇ ਸਿਰ ਤੇ ਤਾਜ ਸਜਾ ਲੈ ,ਫਿਰ ਵੀ ਸੱਚੇ ਪ੍ਰਭੂ ਤੋਂ ਬਿਨਾਂ ਸੱਚ ਦੀ ਪ੍ਰਾਪਤੀ ਨਹੀਂ ਹੋ ਸਕਦੀ॥੬॥

ਤੂੰ ਬਾਦਸ਼ਾਹ ਬਣ ਜਾ, ਉਥੇ ਲੋਕਾਂ ਤੋਂ ਰਾਜਾ ਅਖਵਾ ਲੈ, ਆਪਣੇ ਤੋਂ ਥੱਲੇ ਕੰਮ ਕਰਨ ਵਾਲਿਆਂ ਨੂੰ ਊਚ ਨੀਚ ਬੋਲ ਕੁਬੋਲ ਬੋਲ ਲੈ(ਇਸ ਨਾਲ ਵੱਡਾ ਨਹੀਂ ਹੋ ਜਾਏਂਗਾ) ਪਰਮਾਤਮਾ ਦੀ ਸਿਫਤ ਸਲਾਹ ਤੋਂ ਬਿਨਾਂ ਤੇਰੇ ਕਾਰਜ ਕਦੇ ਵੀ ਰਾਸ ਨਹੀਂ ਆਉਣਗੇ॥੭॥

ਹੇ ਬੰਦੇ, ਤੇਰੇ ਹੰਕਾਰ ਤੇ ਮਮਤਾ ਮਈ ਵਿਹਾਰ ਨੇ ਪਰਮਾਤਮਾ ਦਾ ਨਾਮ ਤੇਰੇ ਦਿਲ ਵਿੱਚੋਂ ਵਿਸਾਰ ਦਿੱਤਾ ਹੈ। ਸਿਰਫ ਇੱਕ ਉਸ ਬੰਦੇ ਨੂੰ ਯਾਦ ਹੈ, ਜਿਹੜਾ ਗੁਰੂ ਦੇ ਮਾਰਗ ਦਰਸ਼ਨ ਵਿਚ ਰਹਿੰਦਾ ਹੈ। ਨਾਨਕ ਬੇਨਤੀ ਰਤ ਹੋ ਕੇ, ਹੇ ਪ੍ਰਭੂ ! ਤੇਰੀ ਸ਼ਰਨ ਆਇਆ ਹੈ॥੮॥

ਗਉੜੀ ਮਹਲਾ ੧ ॥

ਸੇਵਾ ਏਕ ਨ ਜਾਨਸਿ ਅਵਰੇ ॥ ਪਰਪੰਚ ਬਿਆਧਿ ਤਿਆਗੈ ਕਵਰੇ ॥ ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥ ਐਸਾ ਰਾਮ ਭਗਤੁ ਜਨੁ ਹੋਈ ॥ ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ ਰਹਾਉ ॥ ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥ ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥ ਮਿਰਗੁ ਮਰੈ ਸਹਿ ਅਪੁਨਾ ਕੀਨਾ ॥ ਤ੍ਰਿਸਨਾ ਰਾਚਿ ਤਤੁ ਨਹੀ ਬੀਨਾ ॥੩॥ ਕਾਮੁ ਚਿਤੈ ਕਾਮਣਿ ਹਿਤਕਾਰੀ ॥ ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥ ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥੪॥ ਪਰ ਘਰਿ ਚੀਤੁ ਮਨਮੁਖਿ ਡੋਲਾਇ ॥ ਗਲਿ ਜੇਵਰੀ ਧੰਧੈ ਲਪਟਾਇ ॥ ਗੁਰਮੁਖਿ ਛੂਟਸਿ ਹਰਿ ਗੁਣ ਗਾਇ ॥੫॥ ਜਿਉ ਤਨੁ ਬਿਧਵਾ ਪਰ ਕਉ ਦੇਈ ॥ ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥ ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ ॥੬॥ ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥ ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥ ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ॥ ਜਿਉ ਮੀਨਾ ਜਲ ਮਾਹਿ ਉਲਾਸਾ ॥ ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥੮॥੧੧॥ {ਪੰਨਾ 225-226}

ਭਾਵ ਅਰਥ:-

ਹੇ ਭਾਈ , ਤੂੰ ਏਕਓਂਕਾਰ ਦੀ ਸੇਵਾ ਨੂੰ ਨਹੀਂ ਜਾਣਦਾ, ਭੁੱਲਿਆ ਬੈਠਾ ਹੈਂ , ਉਹਦੀ ਨਾਮ ਬੰਦਗੀ ਨੂੰ ਭੁੱਲਿਆ ਬੈਠਾ ਹੈਂ ਤੇ ਹੋਰਾਂ ਹੋਰਾਂ ਵਸਤਾਂ ਦੇ ਮਗਰ ਭੱਜਦਾ ਫਿਰਦਾ ਹੈਂ ( ਜਿਹਨਾਂ ਵਿੱਚ ਵਿਕਾਰ ਭਰੇ ਹਨ)

(ਹੇ ਮਿੱਤਰ) ਸਿੱਧੇ ਰਸਤੇ ਆ ਤੇ ਪਖੰਡ ਆਦਿ ਨੂੰ ਤਿਆਗ ਕੇ, ਇਹਨਾਂ ਮਾੜੇ ਰਸਤਿਆਂ ਨੂੰ ਛੱਡ ਦੇ। ਤੇਰੀ ਭਾਵਨਾ ਕਰਕੇ ਤੇਰੇ ਹਿਰਦੇ ਅੰਦਰ ਅਦਬ ਸਤਿਕਾਰ ਕਰਕੇ ਹੀ ਪਰਮਾਤਮਾ(ਉਸ ਸਦਾ ਸਚੇ ਅਤੇ ਥਿਰ ਰਹਿਣ ਵਾਲੇ ਸਹਾਰਾ ਦੇਣ ਵਾਲੇ) ਨਾਲ ਤੇਰਾ ਮਿਲਾਪ ਹੋ ਸਕਦਾ ਹੈ॥੧॥

ਜਦੋਂ ਤੂੰ ਰਾਮ ਪ੍ਰਭੂ ਦਾ ਐਸਾ ਭਗਤ ਬਣ ਜਾਵੇਂਗਾ ,ਤਾਂ ਤੇਰੇ ਅੰਦਰ ਦੀ ਹਰ ਤਰ੍ਹਾਂ ਦੀ ਮੈਲ ਧੋਤੀ ਜਾਏਗੀ॥੧॥ ਰਹਾਉ॥

ਸਾਰਾ ਸੰਸਾਰ ਪੁੱਠੇ ਪਾਸੇ ਇਸ ਤਰ੍ਹਾਂ ਚੱਲ ਰਿਹਾ ਹੈ, ਜਿਵੇਂ ਕਮਲ ਦਾ ਫੁੱਲ ਉਲਟਾ ਹੋ ਗਿਆ ਹੋਵੇ। ਪੁੱਠੀ ਮੱਤ ਨੇ ਸੰਪੂਰਨ ਸੰਸਾਰ ਨੂੰ ਜਲਾ ਰੱਖਿਆ ਹੈ ਕੇਵਲ ਤੇ ਕੇਵਲ ਉਹ ਪ੍ਰਭੂ ਦੇ ਜਨ ਵੱਖਰੇ ਦਿਖਦੇ ਹਨ ਜਿਹੜੇ ਗੁਰੂ ਤੇ ਮਾਰਗ ਤੇ ਚਲਦੇ ਹਨ॥੨॥

ਮਧੂ ਮੱਖੀ ਪਤੰਗਾ ਹਾਥੀ ਤੇ ਮਛਲੀ, ਇਹ ਸਾਰੇ ਵਾਸ਼ਨਾ ਦੇ ਮਾਰੇ ਤ੍ਰਿਸ਼ਨਾ ਦੇ ਮਗਰ ਲੱਗ ਕੇ ਆਪਣਾ ਜੀਵਨ ਗਵਾ ਲੈਂਦੇ ਹਨ॥੩॥

ਹੁਣ ਜੇ ਆਪਾਂ ਕਾਮ ਵਾਸ਼ਨਾ ਨੂੰ ਲੈ ਲਈਏ ਤਾਂ ਇਹ ਇੱਕ ਅਜਿਹੀ ਹੀ ਕਾਮਨਾ ਹੈ, ਦੂਜੇ ਪਾਸੇ ਗੁੱਸਾ ਇੱਕ ਚੰਡਾਲ ਦੀ ਤਰ੍ਹਾਂ ਵਿਕਾਰ ਹੈ, ਇਹਨਾਂ ਦੇ ਨਾਲ ਰਲ ਕੇ ਚੱਲਣ ਵਾਲਾ ਜਾਂ ਇਹਨਾਂ ਨੂੰ ਅਪਣਾਉਣ ਵਾਲਾ ਆਪਣੀ ਇੱਜਤ ਪਤ ਪਰਮਾਤਮਾ ਦੇ ਦਰ ਅਤੇ ਸਮਾਜ ਵਿੱਚ ਵੀ ਖੋ ਦਿੰਦਾ ਹੈ॥੪॥

ਇਹ ਜਿਹੜੇ ਵਿਕਾਰ ਹਨ, ਮਨੁੱਖ ਇਹਨਾਂ ਦੇ ਪਿੱਛੇ ਲੱਗਦਾ ਹੈ, ਅਸਲ ਵਿੱਚ ਇਹ ਪਰਾਏ ਹਨ। ਇਹ ਕਦੇ ਵੀ ਆਪਣੇ ਨਹੀਂ ਬਣਦੇ, ਇਹ ਤਾਂ ਬੰਦੇ ਲਈ ਫੰਦੇ ਦਾ ਕੰਮ ਕਰਦੇ ਹਨ, ਜੇ ਇਹਨਾਂ ਤੋਂ ਛੁੱਟਣਾ ਹੈ ਤਾਂ ਹੇ ਬੰਦੇ, ਗੁਰੂ ਦੇ ਦਰ ਤੇ ਪੈ ਜਾ ਅਤੇ ਉਹਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਢਾਲ ਲੈ॥੫॥

ਜਿਸ ਤਰਾਂ ਇਕ ਵਿਧਵਾ ਇਸਤਰੀ ਆਪਣਾ ਸਰੀਰ ਦੂਸਰੇ ਨੂੰ ਦਿੰਦੀ , ਉਸ ਦੇ ਹਿਰਦੇ ਅੰਦਰ ਕਾਮ ਅਤੇ ਉਸ ਤੋਂ ਕਮਾਈ ਕਰਨ ਵਾਲੀ ਸੋਚ ਹੀ ਭਾਰੀ ਰਹਿੰਦੀ ਹੈ, ਪਰ ਬੇਗਾਨੇ ਤੋਂ ਕਦੇ ਵੀ ਉਸਦੀ ਤ੍ਰਿਸ਼ਨਾ ਪੂਰੀ ਨਹੀਂ ਹੁੰਦੀ॥੬॥

ਕਈ ਤਰ੍ਹਾਂ ਦੀਆਂ ਧਾਰਮਿਕ ਪੁਸਤਕਾਂ ਪੜ੍ਹ ਪੜ੍ਹ ਕੇ, ਪੰਡਾਂ ਦੀਆਂ ਪੰਡਾਂ ਵੇਦ ਪੁਰਾਣ ਰਟ ਰਟ ਕੇ, ਮਨ ਕੇਵਲ ਇਕ ਨਾਟਕ ਹੀ ਕਰ ਰਿਹਾ ਹੁੰਦਾ ਹੈ ਕਿਉਂਕਿ ਉਹ ਇਸ ਦੇ ਵਿੱਚ ਦੱਸੇ ਹੋਏ ਮਾਰਗ ਨੂੰ ਅਮਲੀ ਜਾਮਾ ਨਹੀਂ ਪਹਿਨਾਉਂਦਾ, ਸਮਝ ਕੇ ਨਹੀਂ ਪੜਦਾ ਅਤੇ ਆਪਣੇ ਜੀਵਨ ਵਿੱਚ ਨਹੀਂ ਉਤਾਰਦਾ ॥੭॥

ਜਿਵੇਂ ਪਪੀਹਾ ਸਵਾਤੀ ਨਕਸ਼ਤਰ ਬੂੰਦ ਦੀ ਪਿਆਸ ਦਾ ਮਾਰਿਆ ਹੋਇਆ ਹੈ ,ਜਿਵੇਂ ਜਲ ਵਿੱਚ ਰਹਿਣ ਵਾਲੀ ਮਛਲੀ ਖੁਸ਼ੀਆਂ ਮਨਾਉਂਦੀ ਹੈ ਪ੍ਰਸੰਨ ਚਿੱਤ ਰਹਿੰਦੀ ਹੈ ਨਾਨਕ ਹਰਿ ਪ੍ਰਭੂ ਦੇ ਨਾਮ ਦਾ ਰਸ ਪੀ ਕੇ ਸੰਤੁਸ਼ਟ ਹੁੰਦਾ ਹੈ॥੮॥

## ਅੰਗ 226

ਗਉੜੀ ਮਹਲਾ ੧ ॥

ਹਠੁ ਕਰਿ ਮਰੈ ਨ ਲੇਖੈ ਪਾਵੈ ॥ ਵੇਸ ਕਰੈ ਬਹੁ ਭਸਮ ਲਗਾਵੈ ॥ ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥੧॥ ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥ ਨਾਮੁ ਬਿਸਾਰਿ ਸਹਹਿ ਜਮ ਦੂਖ ॥੧॥ ਰਹਾਉ ॥ ਚੋਆ ਚੰਦਨ ਅਗਰ ਕਪੂਰਿ ॥ ਮਾਇਆ ਮਗਨੁ ਪਰਮ ਪਦੁ ਦੂਰਿ ॥ ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥੨॥ ਨੇਜੇ ਵਾਜੇ ਤਖਤਿ ਸਲਾਮੁ ॥ ਅਧਕੀ ਤ੍ਰਿਸਨਾ ਵਿਆਪੈ ਕਾਮੁ ॥ ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥੩॥ ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥ ਮਨੁ ਦੇ ਪਾਵਹਿ ਨਾਮੁ ਸੁਹੇਲਾ ॥ ਦੂਜੈ ਭਾਇ ਅਗਿਆਨੁ ਦੁਹੇਲਾ ॥੪॥ ਬਿਨੁ ਦਮ ਕੇ ਸਉਦਾ ਨਹੀ ਹਾਟ ॥ ਬਿਨੁ ਬੋਹਿਥ ਸਾਗਰ ਨਹੀ ਵਾਟ ॥ ਬਿਨੁ ਗੁਰ ਸੇਵੇ ਘਾਟੇ ਘਾਟਿ ॥੫॥ ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥ ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥੬॥ ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥ ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥ ਨਾਮ ਵਡਾਈ ਤੁਧੁ ਭਾਣੈ ਦੀਉ ॥੭॥ ਨਾਮ ਬਿਨਾ ਕਿਉ ਜੀਵਾ ਮਾਇ ॥ ਅਨਦਿਨੁ ਜਪਤੁ ਰਹਉ ਤੇਰੀ ਸਰਣਾਇ ॥ ਨਾਨਕ ਨਾਮਿ ਰਤੇ ਪਤਿ ਪਾਇ ॥੮॥੧੨॥ {ਪੰਨਾ 226}

ਭਾਵ ਅਰਥ:-

ਹੇ ਭਾਈ ! ਬਹੁਤ ਸਾਰੇ ਜੋਗੀ ਯੰਗਮ ਹੱਠ ਧਰਮੀ ਕਰਦੇ ਹਨ, ਭਾਵ ਭਰਮਾਤਮਾ ਨੂੰ ਲੱਭਣ ਦੀ ਕੋਸ਼ਿਸ਼ ਪੁਰਜ਼ੋਰ ਕੋਸ਼ਿਸ਼ ਕਰਦੇ, ਭਸਮ ਆਦਿ ਆਪਣੇ ਪਿੰਡੇ ਤੇ ਮਲ ਕੇ ਤਰ੍ਹਾਂ ਤਰ੍ਹਾਂ ਦੇ ਭੇਸ ਬਣਾਉਂਦੇ ਹਨ, ਬਜਾਏ ਕਿ ਉਸਦੇ ਨਾਮ ਨੂੰ ਧਿਆਉਣ ਦੇ, ਪਰ ਅੰਤ ਵਿੱਚ ਜਦੋਂ ਉਸ ਪਰਮਾਤਮਾ ਦੀ ਇਹਨਾਂ ਪੁੱਠੇ ਸਿੱਧੇ ਤਰੀਕਿਆਂ ਨਾਲ ਪ੍ਰਾਪਤੀ ਨਹੀਂ ਹੁੰਦੀ ਤਾਂ ਉਹਨਾਂ ਨੂੰ ਪਛਤਾਉਣਾ ਹੀ ਪੈਂਦਾ ਹੈ॥੧॥

ਹੇ ਮੇਰੇ ਮਨਾ , ਤੂੰ ਉਸ ਦਾਤੇ ਨੂੰ ਆਪਣੇ ਅੰਦਰ ਵਸਾਉਣਾ ਕਰ , ਤਾਂ ਕਿ ਉਸ ਦੇ ਵੱਸਣ ਨਾਲ ਮੈਂ ਸੁਖੀ ਹੋਵਾਂ। ਸੱਚਾਈ ਇਹ ਵੀ ਹੈ ਕਿ ਜਿੰਨਾਂ ਨੇ ਉਸ ਅਕਾਲ ਪੁਰਖ ਦੇ ਨਾਮ ਨੂੰ ਵਿਸਾਰ ਦਿੱਤਾ, ਉਹਨਾਂ ਨੂੰ ਆਤਮਿਕ ਮੌਤੇ ਮਰਨਾ ਪੈਂਦਾ ਹੈ ਭਾਵ ਜਮਾਂ ਦਾ ਡਰ ਭਉ ਲੱਗਿਆ ਹੀ ਰਹਿੰਦਾ ਹੈ॥੧॥ ਰਹਾਉ॥

ਬੰਦਾ ਤਰ੍ਹਾਂ ਤਰ੍ਹਾਂ ਦੇ ਭੇਖ ਕਰਦਾ ਹੈ, ਜਿੰਨਾਂ ਵਿੱਚੋਂ ਚੰਦਨ ਅਗਰ ਕਪੂਰ ਵਰਗੀਆਂ ਸੁਗੰਧਿਤ ਵਸਤੂਆਂ ਨੂੰ ਇਸਤੇਮਾਲ ਕਰਦਾ ਹੈ, ਜਿਨਾਂ ਵਿੱਚੋਂ ਬਹੁਤੀਆਂ ਨੂੰ ਆਪਣੇ ਬਦਨ ਤੇ ਵੀ ਲਾਉਂਦਾ ਹੈ, ਇਸ ਦੇ ਨਾਲ ਹੀ ਉਹ ਦੁਨਿਆਵੀ ਮਾਇਆ ਦੇ ਵਿੱਚ ਖੱਜਤ ਰਹਿੰਦਾ ਹੈ ਪਰ , ਇਹ ਸਭ ਕੁਝ ਉਸ ਪ੍ਰਭੂ ਨਾਮ ਤੋਂ ਕਿਤੇ ਦੂਰ ਹੈ ਤੇ ਸਭ ਕੁਝ ਬੇਕਾਰ ਹੈ॥੨॥

ਇਸ ਸੰਸਾਰ ਵਿੱਚ ਬਹੁਤ ਸਾਰੇ ਬਾਦਸ਼ਾਹ ਹਨ, ਜਿਹਨਾਂ ਕੋਲ ਤਖਤੋ ਤਾਜ ਅਤੇ ਬਹੁਤ ਸਾਰੇ ਬੇਸ਼ਕੀਮਤੀ ਹਥਿਆਰ ਆਦਿ ਜਮਾ ਹੋਏ ਪਏ ਹਨ । ਦੁਨੀਆਂ ਉਹਨਾਂ ਨੂੰ ਸਲਾਮਾਂ ਠੋਕਦੀ ਹੈ , ਇਸ ਦੇ ਨਾਲ ਹੀ ਉਹਨਾਂ ਨੂੰ ਕਾਮ ਦੀ ਤ੍ਰਿਸ਼ਨਾ ਕਿਤੇ ਜਿਆਦਾ ਭਟਕਾਉਂਦੀ ਹੈ ਪਰ ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਇਹਨਾਂ ਸਾਰੀਆਂ ਚੀਜ਼ਾਂ ਦੀ ਭਟਕਣਾ ਨੂੰ ਹਟਾਉਣ ਵਾਸਤੇ ਉਹਨਾਂ ਕੋਲ ਨਾਮ ਦੀ ਦਾਤ ਕਿਤੇ ਵੀ ਨੇੜੇ ਤੇੜੇ ਨਹੀਂ ਹੁੰਦੀ॥੩॥

ਪਾਪੀ ਸੋਚ ਤੇ ਹਉਮੈ ਦਾ ਪ੍ਰਭੂ ਪਰਮਾਤਮਾ ਨਾਲ ਕੋਈ ਮੇਲ ਨਹੀਂ ਹੈ, ਜੇ ਬੰਦੇ ਦਾ ਮਨ ਪ੍ਰਭੂ ਨਾਲ ਮਿਲ ਗਿਆ ਤਾਂਹੀ ਬੰਦਾ ਸੌਖਾ ਹੋ ਸਕਦਾ ਹੈ। ਮਾਇਆ ਦੇ ਭਾਵਾਂ ਨਾਲ ਅਲਿਪਤ ,ਅਗਿਆਨਤਾ ਦੇ ਹਨੇਰੇ ਵਿੱਚ ਇਨਸਾਨ ਭਟਕਦਾ ਹੀ ਰਹਿ ਜਾਂਦਾ ਹੈ॥੪॥

ਜਿਸ ਤਰ੍ਹਾਂ ਬਿਨਾਂ ਦਾਮ ਦਿੱਤਿਆਂ, ਮੁੱਲ ਦਿੱਤੀਆਂ ਸੌਦਾ ਨਹੀਂ ਮਿਲਦਾ ਇਸੇ ਤਰਾਂ ਆਪਣੀਆਂ ਭਾਵਨਾਵਾਂ, ਆਪਣੀਆਂ ਤ੍ਰਿਸ਼ਨਾਵਾਂ ਨੂੰ ਛੱਡਿਆ ਬਗੈਰ ਪਰਮਾਤਮਾ ਨਹੀਂ ਮਿਲ ਸਕਦਾ। ਦੂਜੇ ਪਾਸੇ ਸਾਗਰ ਸਮੁੰਦਰ ਨੂੰ ਪਾਰ ਕਰਨ ਵਾਸਤੇ ਜਿਵੇਂ ਬੇੜੇ ਦੀ ਲੋੜ ਹੈ ਉਸੇ ਤਰਾਂ ਗੁਰੂ ਦੇ ਮਾਰਗ ਦਰਸ਼ਨ ਤੋਂ ਬਿਨਾਂ ਸੰਸਾਰ ਸਾਗਰ ਨੂੰ ਪਾਰ ਨਹੀਂ ਕੀਤਾ ਜਾ ਸਕਦਾ ਅਤੇ ਪ੍ਰਭੂ ਚਰਨ ਕਮਲਾਂ ਤੱਕ ਪਹੁੰਚਣਾ ਅਸੰਭਵ ਹੈ॥੫॥

ਉਸ ਤੋਂ ਸਦਕੇ ਜਾਂਦੇ ਹਾਂ ਜਿਹੜਾ( ਗੁਰੂ) ਮਾਰਗਦਰਸ਼ਨ ਕਰਦਾ ਹੈ। ਉਸ ਤੋਂ ਵੀ ਸਦਕੇ ਜਾਂਦੇ ਹਾਂ ਜਿਹੜਾ ਨਾਮ ਸ਼ਬਦ ਦੀ ਚਰਚਾ ਕਰਕੇ ਸੁਣਾਉਂਦਾ ਹੈ, ਉਸ ਤੋਂ ਵੀ ਅੱਗੇ ਉਸ ਤੋਂ ਵੀ ਸਦਕੇ ਜਾਂਦੇ ਹਾਂ ਜਿਹੜਾ ਅਕਾਲ ਪੁਰਖ ਪਰਮਾਤਮਾ ਨਾਲ ਜੀਵ ਨੂੰ ਜੋੜਦਾ ਹੈ॥੬॥

ਹੇ ਭਾਈ ਉਸ ਤੋਂ (ਅਕਾਲ ਪੁਰਖ) ਵੀ ਖੁਸ਼ ਹੁੰਦਾ ਹੈ ਜਿਸ ਨੇ ਇਹ ਜੀਵਨ ਦਿੱਤਾ ਹੈ। ਇਸ ਤਰਾਂ, ਹੇ ਭਾਈ, ਗੁਰੂ ਦੇ ਦੱਸੇ ਹੋਏ ਸ਼ਬਦ ਦੇ ਵਿੱਚ ਆਪਣੇ ਆਪ ਨੂੰ ਲੀਨ ਕਰਕੇ ਉਸ ਸ਼ਬਦਮਈ ਅੰਮ੍ਰਿਤ ਨੂੰ ਪੀਣਾ ਕਰੋ, ਇਸ ਤਰਾਂ ਉਹ ਗੋਬਿੰਦ ਪ੍ਰਭੂ ਆਪਣੇ ਆਪ ਤੁਹਾਨੂੰ ਵਡਿਆਈ ਦਏਗਾ ,ਯਸ਼ ਦੇਵੇਗਾ॥੭॥

ਹੇ !ਮੇਰੀ ਮਾਂਏਂ ,ਮੈਂ ਪ੍ਰਭੂ ਨਾਮ ਬਿਨਾਂ ਨਹੀਂ ਜੀ ਸਕਦਾ। ਦਾਤਾ ਮੇਰੇ ਤੇ ਕਿਰਪਾ ਕਰ ਤਾਂ ਜੋ ਮੈਂ ਤੇਰੇ ਨਾਮ ਨਾਲ ਸਦਾ ਲਈ ਜੁੜਿਆ ਰਹਾਂ। ਦਾਸ ਨਾਨਕ ਫਰਮਾਉਂਦੇ ਹਨ ! ਨਾਮ ਨਾਲ ਜੁੜਿਆਂ ਹੀ ਮਨੁੱਖ ਦੀ ਇੱਜਤ ਪੱਤ ਬਰਕਰਾਰ ਰਹਿੰਦੀ ਹੈ ,ਆਦਰ ਮਾਨ ਮਿਲਦਾ ਹੈ॥੮॥

ਗਉੜੀ ਮਹਲਾ ੧ ॥

ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥ ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥ ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥ ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥ ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥ ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥ ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥ ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥ ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥ {ਪੰਨਾ 226-227}

ਭਾਵ ਅਰਥ:-

ਹੇ ਭਾਈ ! ਇਹ ਜੀਵ ਹੰਕਾਰ ਦਾ ਮਾਰਿਆ ਹੋਇਆ ਤਰ੍ਹਾਂ ਤਰ੍ਹਾਂ ਦੇ ਪਖੰਡ ਕਰਦਾ ਫਿਰਦਾ ਹੈ, ਪਰ ਉਸ ਪ੍ਰਭੂ ਪਰਮਾਤਮਾ ਨੂੰ ਜਾਨਣ ਦੀ ਇੱਛਾ ਨਹੀਂ ਪਾਲਦਾ। ਕੋਈ ਵਿਰਲਾ ਵਾਂਝਾ ਗੁਰੂ ਦੀ ਮੰਨਣ ਵਾਲਾ ਹੀ ਹੈ ਜਿਹੜਾ ਇਸ ਖੇਡ ਨੂੰ ਜਾਣਦਾ ਹੈ॥੧॥

ਧਰਮ ਦੇ ਨਾਂ ਤੇ ਰੌਲਾ ਪਾਈ ਜਾਣ ਨਾਲ ਉਹ ਸਦਾ ਥਿਰ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਜਦੋਂ ਮਨੁੱਖ ਦੇ ਅੰਦਰੋਂ ਹੰਕਾਰ ਦਾ ਰੋਗ ਦੂਰ ਹੋ ਜਾਂਦਾ ਹੈ ਤਾਂ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ॥੧॥ ਰਹਾਉ॥

ਅਭਿਮਾਨ ਦੇ ਵਿੱਚ ਫਸ ਕੇ ਬਹੁਤ ਸਾਰੇ ਬਾਦਸ਼ਾਹ ਦੁਨੀਆਂ ਤੋਂ ਖਾਲੀ ਹੱਥ ਚਲੇ ਗਏ ,ਖਪਤ ਹੋ ਗਏ। ਇਸੇ ਹੰਕਾਰ ਦੀ ਵਜ੍ਹਾ ਕਾਰਨ ਮਨੁੱਖ ਨੂੰ 84 ਲੱਖ ਜੂਨਾਂ ਭੁਗਤਨੀਆਂ ਪੈਂਦੀਆਂ ਹਨ॥੨॥

ਹੇ ਭਾਈ ! ਇਸ ਹੰਕਾਰ ਨੂੰ ਦੂਰ ਕਰਨ ਦਾ ਇੱਕੋ ਇੱਕ ਤਰੀਕਾ ਹੈ ਅਗਮ ਅਗੋਚਰ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਨਾ, ਭਟਕਦੇ ਹੋਏ ਵਿਚਾਰਾਂ ਉੱਤੇ ਕਾਬੂ ਪਾਉਣਾ, ਆਤੇ ਪੰਜ ਦੂਤਾਂ(ਕਾਮ ਕ੍ਰੋਧ ਲੋਭ ਮੋਹ ਹੰਕਾਰ) ਨੂੰ ਮਾਰਨਾ॥੩॥

ਹੇ ਭਾਈ ! ਉਸ ਸਾਰੰਗ ਪਾਣੀ ਦਾ ਨਾਮ ਜਪਣ ਨਾਲ ਹਿਰਦੇ ਨੂੰ ਸ਼ਾਂਤੀ ਮਿਲਦੀ ਹੈ, ਸਹਿਜਤਾ ਆਉਂਦੀ ਹੈ, ਟਿਕਾਈ ਮਿਲਦੀ ਹੈ ਅਤੇ ਮਨੁੱਖ ਬਾਦਸ਼ਾਹਾਂ ਜਿਹੀ ਸਥਿਤੀ ਨੂੰ ਪ੍ਰਾਪਤ ਕਰਕੇ ਆਪਣੀ ਜੂਨ ਨੂੰ ਮੁਕਤ ਅਵਸਥਾ ਵਿੱਚ ਲੈ ਜਾਂਦਾ ਹੈ॥੪॥

ਹੇ ਭਾਈ ! ਸੱਚੇ ਗੁਰੂ ਦੇ ਮਾਰਗਦਰਸ਼ਨ ਦੇ ਅਨੁਸਾਰ ਅਕਾਲ ਪੁਰਖ ਦੀ ਅਗੰਮੀ ਬਾਣੀ ਨਾਲ ਜੁੜ ਕੇ, ਉਸਦੇ ਚਰਨ ਕਮਲਾਂ ਵਿੱਚ ਥਾਂ ਮਿਲ ਜਾਂਦੀ ਹੈ॥੫॥

ਜਿਆਦਾ ਬੋਲਣ ਅਤੇ ਅਸੰਤੁਸ਼ਟਤਾ ਦੇ ਨਾਲ ਜੀਵਨ ਲੰਘਾ ਕੇ ਮੌਤ ਨੂੰ ਪਾਉਣਾ ਵੀ ਕੀ ਮਰਨਾ ਹੁੰਦਾ ਹੈ। ਇਸ ਦੀ ਥਾਂ ਜੇ ਮਨੁੱਖ ਨੂੰ ਗੁਰੂ ਮਿਲ ਜਾਵੇ ਤਾਂ ਦੇ ਇਹ ਸਾਰੇ ਭਟਕਣੇ ਦੂਰ ਹੋ ਜਾਂਦੇ ਹਨ॥੬॥

ਇਹ ਸਾਰੀ ਦੌੜ ਭੱਜ ਕਿਸੇ ਕੰਮ ਦੀ ਨਹੀਂ ਹੈ ਸੱਚੇ ਗੁਰੂ ਦੇ ਮਿਲਣ ਨਾਲ ਜਿਹੜਾ ਗਿਆਨ ਹਾਸਲ ਹੁੰਦਾ ਹੈ ਉਸ ਦੇ ਅਨੁਸਾਰ ਬੰਦਾ ਉਸ ਰੱਬ ਦੇ ਗੁਣ ਗਾਉਂਦਾ ਹੈ, ਬੰਦਗੀ ਨਾਲ ਜੁੜਦਾ ਹੈ॥੭॥

ਹੰਕਾਰ ਦਾ ਬੰਧਨ ਬੰਦੇ ਨੂੰ ਆਪਣੇ ਨਾਲ ਜਕੜ ਕੇ ਬੁਰੀ ਤਰ੍ਹਾਂ ਭੁਆਂਟੀਆਂ ਦਿੰਦਾ ਹੈ। ਦਾਸ ਨਾਨਕ ਫਰਮਾਉਂਦੇ ਹਨ ! ਰਾਮ ਪ੍ਰਭੂ ਦਾ ਭਗਤ ਹੀ ਅਸਲ ਵਿੱਚ ਜੀਵਨ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦਾ ਹੈ ਸੁਖ ਮਾਣ ਸਕਦਾ ਹੈ॥੮॥



SANJHI SOCH
ਨਰੇਸ਼ ਕੁਮਾਰੀ
ਨਿਊਜੀਲੈਂਡ
+642041755894